# ਅੰਮ੍ਰਿਤ ਕੀਰਤਨ

Amrit Kirtan                अमृत कीर्तन

ਅੰਕ 19                ਦਸੰਬਰ 1990

## ਅੰਦਰ ਦੀ ਝਾਤ

- ★ ਗੁਰਮਤਿ ਸੰਗੀਤ ਦੀ ਮੌਲਿਕਤਾ
- ★ ਏਹ ਭਿ ਦਾਤਿ ਤੇਰੀ ਦਾਤਾਰ
  ਪ੍ਰਿੰ: ਸਾਹਿਬ ਸਿੰਘ ਜੀ ਦਾ ਵਿਸ਼ੇਸ਼ ਲੇਖ
- ★ ਖਿਮਾ ਸੀਗਾਰ
- ★ ਪੁਰਾਤਨ ਸੰਗੀਤਕਾਰਾਂ ਦੀ ਦਾਸਤਾਨ
- ★ ਸੰਗੀਤ ਮਤ, ਸੁਰ ਲਿਪੀ ਅਤੇ ਹੋਰ ਵੀ ਬਹੁਤ ਕੁਝ

ਆਨਰੇਰੀ ਸੰਪਾਦਕ                ਡਾ. ਜਾਗੀਰ ਸਿੰਘ

# ਤੁਹਾਡੇ ਪੱਤਰ

ਆਪ ਦਾ ਘੱਲਿਆ, ਸੁੰਦਰ ਪੁਸ਼ਾਕਿਆਂ ਵਿਚ, ਅੰਮ੍ਰਿਤ ਕੀਰਤਨ, ਬੜੇ ਉਲੇਲ ਤੇ ਉਚੇਚ ਨਾਲ ਅਸਾਂ ਚਾਹਵਾਨਾਂ ਦੀ ਛੱਤ ਉੱਤੇ ਉਤਰ ਰਿਹਾ ਹੈ, ਆਪ ਨੂੰ ਅੰਮ੍ਰਿਤ ਕੀਰਤਨ ਦੀ, ਦਿਨ-ਬ ਦਿਨ, ਵੱਧ ਰਹੀ ਲੋ, ਅਤੇ ਉਮਰ ਤੇ ਅਸਾਂ ਦੂਰ ਵਸੇਂਦਿਆ ਵੱਲੋਂ ਦਿਲੀ ਦੁਆਵਾਂ।

ਅੰਮ੍ਰਿਤ ਕੀਰਤਨ ਦਾ ਨਾਮ ਚੁਣਨ ਲੱਗਿਆਂ ਤੁਹਾਂ ਅਪਾਰ ਸਿਆਣਪ ਤੋਂ ਕੰਮ ਲਿਆ ਹੈ, ਅੱਗੋਂ ਜਿਸ ਤਰ੍ਹਾਂ ਮਾਪੇ ਬੱਚੇ ਦਾ ਨਾਂ ਤੇ ਆਪਣੀ ਸਿਆਣ ਤੇ ਸੱਧਰ ਨਾਲ ਰੱਖ ਦੇਂਦੇ ਨੇ, ਵਾਕ ਮਹਾਰਾਜ ਜੀ ਦੇ ਹੁੰਦੇ ਨੇ, ਪਹਿਲਾ ਅੱਖਰ ਵੀ ਗੁਰੂ ਸ਼ਬਦ ਜੀ ਦੀ ਪਾਵਨ ਦੇਣ ਹੁੰਦਾ ਹੈ, ਪਰ ਉਸ ਨਾਮ ਦੀ ਪਾਲਣਾਂ ਕਰਨਾ ਤੇ ਬੰਦੇ ਦੇ ਆਪਣੇ ਜੀਵਨ ਚਰਿਤਰ ਦੇ ਵੱਸ ਹੁੰਦਾ ਏ, ਸਮਾਜ ਦੇ ਪਰਦਾਨ ਕੀਤੇ ਮਾਹੌਲਾਂ ਦੇ ਵਹਾਅ ਦੇ ਵੱਸ ਹੁੰਦਾ ਏ ਅਤੇ ਰੱਬ ਦੀਆਂ ਰਹਿਮਤਾ ਦੇ ਵੱਸ ਹੁੰਦਾ ਹੈ। ਕਈ ਲੋਕ ਸਾਰੀ ਉਮਰ ਆਪਣੇ ਨਾਂ ਵੱਲ ਮੋਹ ਈ ਨਹੀਂ ਕਰ ਸਕਦੇ ਤੇ ਜ਼ਿੰਦਗੀ ਦੀ ਰੱਸੀ ਮੁੱਕ ਜਾਂਦੀ ਏ, ਪਵਿੱਤਰ ਅੱਖਰਾਂ ਤੋਂ ਰਖਾਏ ਗਏ ਨਾਵਾਂ ਦੀ ਰਾਖੀ ਵੀ ਪਵਿੱਤਰ ਕਿਰਦਾਰ ਹੀ ਕਰਨ, ਸੁੰਦਰ ਸੋਚਾਂ ਹੀ ਕਰਨ, ਤਾਂ ਹੀ ਨਾਵਾਂ ਦੀ ਲਾਜ ਰੱਖੀ ਜਾ ਸਕਦੀ ਹੈ। ਵੀਰਨਾਂ! ਦੁਨੀਆਂ ਦਾ ਸਾਰਾ ਦੁੱਖ ਦਰਦ ਦੂਰ ਹੋ ਜਾਏ ਜੇ ਸਾਰੀ ਦੁਨੀਆਂ ਹੀ ਆਪੋ ਆਪਣੇ ਰਖਾਏ ਹੋਏ ਨਾਵਾਂ ਦੀ ਪਾਲਣਾ ਕਰਨ ਲੱਗ ਜਾਏ।

ਅੰਮ੍ਰਿਤ ਕੀਰਤਨ ਦੇ ਪਾਵਨ ਨਾਮ ਦੀ ਪਾਲਣਾਂ ਕੀਰਤਨਾਂ ਵਾਲਾ ਮਹਾਨ ਕਾਦਰ ਆਪ ਕਰੇਗਾ, ਜਿਸ ਦੀਆਂ ਹਵਾਵਾਂ ਹਰ-ਦਮ ਗਾ ਰਹੀਆਂ ਨੇ, ਜਿਸਦੇ ਰੁੱਖਾਂ ਦੇ ਪੱਤੇ ਹਰ ਵਕਤ ਖੜਤਾਲਾਂ ਵਜਾ ਰਹੇ ਨੇ ਤੇ ਲਹਿਰਾਂ ਸਾਗਰਾਂ ਦੀਆਂ ਸੁਰਾਂ ਦੀਆਂ ਹੁੰਬਲੀਆਂ ਮਾਰਦੀਆਂ ਕਦੇ ਥਕਦੀਆਂ ਨਹੀਂ।

ਰਗਨ ਪਾਕਿਸਤਾਨੀ

ਅੰਮ੍ਰਿਤ ਕੀਰਤਨ ਇਕ ਉੱਤਮ ਉਦਮ ਹੈ। ਗੁਰਮਤਿ ਦੇ ਇਕ ਬਹੁਤ ਹੀ ਅਨਿਖੜਵੇਂ ਅਤੇ ਵਿਲੱਖਣ ਪੱਖ ਨੂੰ ਪ੍ਰਗਟਾਉਣ ਦਾ ਜਤਨ ਹੈ। ਗੁਰੂ ਪਿਆਰਾ ਕਿਰਪਾ ਕਰੇ ਤੇ ਰਾਹ ਵਿਚ ਕੋਈ ਔਕੜ ਨਾ ਆਵੇ।

ਤੁਸੀਂ ਇਹ ਇੱਕ ਵੱਡੀ ਘਾਟ ਪੂਰੀ ਕੀਤੀ ਹੈ। ਕੀਰਤਨ ਵਰਗੇ ਸੂਖਮ ਪੱਖ ਨੂੰ ਪੇਸ਼ ਕਰਨਾ ਅਤਿ ਮੁਸ਼ਕਲ ਕੰਮ ਹੈ। ਗੁਰੂ ਮਿਹਰ ਕਰੇ।

ਬਲਵਿੰਦਰ ਸਿੰਘ ਲੁਧਿਆਣਾ

ਆਪ ਜੀ ਪੰਥ ਦੀ ਅਦੁੱਤੀ ਤੇ ਵੱਡਮੁਲੀ ਸੇਵਾ 'ਅੰਮ੍ਰਿਤ ਕੀਰਤਨ' ਰਾਹੀਂ ਨਿਭਾਂਦੇ ਰਹੋ। ਇਸ ਵਿਚ ਆਏ ਲੇਖ ਤੇ ਸੂਚਨਾਵਾਂ ਨਿਸਚੇ ਹੀ ਭਾਵਪੂਰਤ ਅਤੇ ਖੋਜ ਭਰਪੂਰ ਹੁੰਦੇ ਹਨ। ਇਹ ਵੇਖਣ ਵਿਚ ਆਇਆ ਹੈ ਕਿ ਕੀਰਤਨ ਵਿਚ ਹਰਮੋਨੀਅਮ ਅਤੇ ਤਬਲਾ ਹੀ ਪ੍ਰਧਾਨ ਹੋ ਗਿਆ ਹੈ ਜਦ ਕਿ ਤੰਤੀ ਸਾਜ਼ਾਂ ਦੀ ਆਪਣੀ ਨਿਵੇਕਲੀ ਪਹਿਚਾਣ ਹੈ ਅਤੇ ਇਹ ਕੀਰਤਨ ਦੀ ਮਧੁਰਤਾ ਵਧਾਉਂਦੇ ਹਨ। ਸਿੱਖ ਇਤਹਾਸ ਵਿੱਚ ਭੀ ਗੁਰੂ

(ਬਾਕੀ ਸਫ਼ਾ 35 ਤੇ)

# ਅੰਮ੍ਰਿਤ ਕੀਰਤਨ

# Amrit Kirtan — अमृत कीर्तन

ਅੰਕ 19 ਦਸੰਬਰ 1990



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਸਹਿਯੋਗੀ

ਡਾ ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੰਮਲ

ਹਰਿਭਜਨ ਸਿੰਘ ਚੌਪੜਾ

ਸ੍ਰ. ਕੁਲਦੀਪ ਸਿੰਘ

ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ



ਚਿੱਠੀ ਪੱਤਰ ਲਈ ਪਤਾ :

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ,

ਚੰਡੀਗੜ੍ਹ-160015

ਫੋਨ : 24660


**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਦੇਸ਼**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 300 ਰੁਪਏ |
| ਜੀਵਨ ਮੈਂਬਰ | 3000 ਰੁਪਏ |

## ਵਿਸ਼ਾ ਪੰਨਾ


1. ਤੁਹਾਡੇ ਪੱਤਰ — 2
2. ਗੁਰਮਤਿ ਸੰਗੀਤ ਦੀ ਮੌਲਿਕਤਾ — ਡਾ. ਗੁਰਨਾਮ ਸਿੰਘ — 4
3. ਸੰਗੀਤ ਮਤ — ਬੇਦੀ ਲਾਲ ਸਿੰਘ ਸਾਹਿਤਕਾਰ — 7
4. ਏਹਿ ਭਿ ਦਾਤਿ ਤੇਰੀ ਦਾਤਾਰ — ਪ੍ਰਿੰ. ਸਾਹਿਬ ਸਿੰਘ — 11
5. ਖਿਮਾ ਸੀਗਾਰ — ਡਾ: ਜਾਗੀਰ ਸਿੰਘ — 16
6. ਰਾਗ ਤਿਲੰਗ — ਭਾਈ ਸਮੁੰਦ ਸਿੰਘ ਜੀ — 20
7. ਪੁਰਾਤਨ ਸੰਗੀਤਕਾਰਾਂ ਦੀ ਦਾਸਤਾਨ — ਟੀ. ਸੀ. ਨਾਗਪਾਲ — 22
8. ਉਸਤਾਦ ਲਛਮਣ ਸਿੰਘ — ਪ੍ਰੋ: ਬਚਿੱਤਰ ਸਿੰਘ — 26
9. सिख सम्प्रदाय के प्रसिद्ध कीर्तनकार और उनका योगदान — डा. योगिन्द्र सिंह बावरा — 28
10. ਸੰਗੀਤ ਸਮਾਚਾਰ — 30



ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗੁਰਮਤਿ ਸੰਗੀਤ ਦੀ ਮੌਲਿਕਤਾ

— ਡਾ: ਗੁਰਨਾਮ ਸਿੰਘ

ਸਿੱਖ ਧਰਮ ਵਿਚ ਗੁਰਬਾਣੀ ਦੇ ਸੰਚਾਰ ਲਈ ਸ਼ਬਦ ਕੀਰਤਨ ਦੀ ਜੁਗਤ ਅਪਣਾਈ ਗਈ ਹੈ। ਇਸ ਕੀਰਤਨ ਪੱਧਤੀ ਨੂੰ ਗੁਰਬਾਣੀ ਵਿਚ ਉਤਮ ਅਤੇ ਕਲਜੁਗ ਵਿਚ ਪ੍ਰਧਾਨ ਦਰਜਾ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਰਾਗਾਤਮਕ ਆਧਾਰ ਅਤੇ ਬਾਣੀ ਦੇ ਅੰਤਰੀਵੀ ਵਿਭਿੰਨ ਸੰਗੀਤਕ ਅੰਗ, ਸੰਕੇਤ; ਹਵਾਲੇ ਅਤੇ ਫੁਰਮਾਨ ਗੁਰਬਾਣੀ ਦੀ ਸੰਗੀਤ ਪਰੰਪਰਾ ਨੂੰ ਸਮਕਾਲੀ ਪੱਧਤੀ ਤੇ ਸੰਗੀਤ ਪਰੰਪਰਾਵਾਂ ਨਾਲੋਂ ਨਿਖੇੜਨ ਵਿਚ ਸਹਾਈ ਹੁੰਦੇ ਹਨ। ਪ੍ਰਸ਼ੰਸਾਯੋਗ ਯਤਨ ਹੈ ਕਿ ਪਿਛਲੇ ਕੁਝ ਸਮੇਂ ਤੋਂ ਬਾਣੀ ਦੇ ਅਧਿਐਨ ਤੇ ਵਿਸ਼ਲੇਸ਼ਣ ਅਧੀਨ ਬਾਣੀ ਦੀ ਵਿਲੱਖਣ ਪ੍ਰਕ੍ਰਿਤੀ ਅਨੁਸਾਰ ਬਾਣੀ ਦੇ ਵਿਧਾਨ ਜਾਂ ਬਾਣੀ ਦੇ ਵਿਸ਼ਿਸ਼ਟ ਪ੍ਰਬੰਧ ਦੀ ਗੱਲ ਤੁਰੀ ਹੈ। ਕੁਝ ਵਿਦਵਾਨ ਵਿਚਾਰਕਾਂ ਨੇ ਬਾਣੀ ਦੀ ਪ੍ਰਕ੍ਰਿਤੀ ਅਨੁਸਾਰ ਇਸ ਦੀ ਸੰਚਾਰ ਪ੍ਰਕ੍ਰਿਆ ਨੂੰ ਵਿਸ਼ਲੇਸ਼ਿਤ ਤਾਂ ਕੀਤਾ ਹੈ ਪਰੰਤੂ ਇਨ੍ਹਾਂ ਦੇ ਅਧਿਐਨ ਵਿਚ ਸਾਹਿਤਕ ਜਾਂ ਕਾਵਿਕ ਮਾਪਦੰਡ ਫਿਰ ਵੀ ਸਮਾਏ ਹੋਏ ਹਨ। ਆਪਣੇ ਵਿਸ਼ਲੇਸ਼ਣ ਦੌਰਾਨ ਇਹ ਵਿਦਵਾਨ ਸੰਗੀਤ ਨੂੰ ਬਾਣੀ ਦੀ ਸੰਚਾਰ-ਪ੍ਰਕ੍ਰਿਆ ਦੇ ਇਕ ਅੰਗ ਵਜੋਂ ਤਾਂ ਸਵੀਕਾਰਦੇ ਹਨ ਪਰੰਤੂ ਇਸ ਨੂੰ ਪ੍ਰਮੁੱਖ ਤੇ ਕੇਂਦਰੀ ਇਕਾਈ ਵਜੋਂ ਗ੍ਰਹਿਣ ਨਹੀਂ ਕਰਦੇ ਜਦੋਂ ਕਿ ਬਾਣੀਕਾਰਾਂ ਨੇ ਗੁਰਬਾਣੀ ਨੂੰ ਗਾਉਣ ਦੇ ਅਦੇਸ਼ਾਂ ਦੁਆਰਾ ਇਸ ਨੂੰ ਬਾਣੀ ਸੰਚਾਰ ਦਾ ਅਨਿੱਖੜ ਅੰਗ ਬਣਾ ਦਿੱਤਾ ਹੈ।

ਗੁਰਬਾਣੀ ਸਾਡੇ ਕੋਲ ਲਿਖਤ ਰੂਪ ਵਿਚ ਵਿਦਮਾਨ ਹੈ ਅਤੇ ਇਸ ਦੇ ਆਧਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੇ ਆਦੇਸ਼ ਤੋਂ ਅਸੀਂ ਭਲੀਭਾਂਤ ਪਰਿਚਤ ਹਾਂ। ਇਹ ਬਾਣੀ ਮਹਿਜ਼ ਬਾਣੀ ਦੇ ਰਚਨਕਾਰ ਦੀ ਰਚਨਾ ਹੀ ਨਹੀਂ ਸਗੋਂ ਖਾਲਕ ਕਾ ਆਦੇਸ਼, ਪਰਮ ਪਿਤਾ ਪਰਮਾਤਮਾ ਦਾ ਹੁਕਮ ਅਤੇ ਧੁਰ ਕੀ ਬਾਣੀ ਜਾਂ ਖਸਮ ਕੀ ਬਾਣੀ ਹੈ। ਇਸ ਦਾ ਸੁਭਾਅ ਲਿਖਤ ਵਾਲਾ ਨਹੀਂ ਸਗੋਂ ਇਹ ਵਿਸ਼ਿਸ਼ਟ ਸੰਗੀਤ ਪ੍ਰਬੰਧ ਦੁਆਰਾ ਗਾਇਨ ਮੁਖੀ ਲੱਛਣਾਂ ਦਾ ਧਾਰਨੀ ਹੈ ਬਾਣੀਕਾਰ ਉਸ ਖਾਲਕ ਦੇ ਆਦੇਸ਼ ਨੂੰ "ਸਾਂਝੀ ਸਗਲ ਜਹਾਨੈ" ਦੇ ਉਦੇਸ਼ ਨਾਲ ਸਰਬਲੋਕਾਈ/ਸੰਚਾਰਿਤ ਕਰਨ ਹਿਤ ਨੂੰ ਸੰਬੋਧਨ ਹੁੰਦੇ ਹਨ ਅਤੇ ਬਾਣੀ ਦੇ ਅੰਤਰਨਿਹਤ ਪਰਮਸਤਿ ਦੇ ਅਨੁਭਵ ਦੇ ਬੋਧ ਲਈ ਮਾਨਵੀ ਸੰਚਾਰ-ਉਪਕਰਣਾਂ ਦਾ ਇਸਤੇਮਾਲ ਕਰਦੇ ਹਨ।

ਬਾਣੀ ਦੀ ਸੰਚਾਰ-ਪ੍ਰਕ੍ਰਿਆ ਕਿਸੇ ਲਿਖਤ ਰਚਨਾ ਵਾਂਗੂ ਸਾਧਾਰਨ ਪਾਠ ਨਾਲ ਹੀ ਸੰਪੂਰਨ ਨਹੀਂ ਹੋ ਜਾਂਦੀ ਸਗੋਂ ਇਸ ਸੰਚਾਰ-ਰਚਨਾ ਦੇ ਅੰਤਰਗਤ ਗੁਰਬਾਣੀ ਦਾ ਵਿਸ਼ਿਸ਼ਟ ਤੇ ਵਿਗਿਆਨਕ ਸੰਗੀਤ ਪ੍ਰਬੰਧ ਸਦੈਵ ਕਾਰਜਸ਼ੀਲ ਰਹਿੰਦਾ ਹੈ। ਜਿਸ ਦੀ ਸੰਚਾਰ ਪ੍ਰਕ੍ਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਭਲੀਭਾਂਤੀ ਸਪੱਸ਼ਟ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੂਹ ਬਾਣੀ ਉਪਰ ਗੁਰੂ ਸਾਹਿਬਾਨ ਨੇ ਕਾਵੀ/ਗਾਇਨ ਸ਼ੈਲੀ, ਘਰੁ, ਰਹਾਉ, ਅੰਕ ਆਦਿ ਵਰਗੇ ਕਈ ਸੰਗੀਤਕ ਸੰਕੇਤ ਦਿੱਤੇ ਹਨ। ਜਿਹੜੇ ਗੁਰਬਾਣੀ ਦੇ ਗਾਇਨ ਲਈ ਇਸ ਦੇ ਸੰਗੀਤ ਪ੍ਰਬੰਧ ਦੇ ਵਿਸ਼ਿਸ਼ਟ ਨਿਰਦੇਸ਼ ਹਨ। ਸੰਗੀਤ ਵਿਚ ਕਿਸੇ ਵੀ ਰਚਨਾ ਦੇ ਗਾਇਨ ਲਈ ਸਥਾਈ ਜਾਂ ਟੇਕ ਆਰੰਭਕ ਇਕਾਈ ਹੈ। ਬਾਣੀ ਦੀ ਸੰਚਾਰ ਪ੍ਰਕ੍ਰਿਆ ਵੀ ਆਮ ਕਰਕੇ ਇਸ ਦੀ ਰਹਾਉ ਵਾਲੀਆਂ ਪੰਕਤੀਆਂ ਤੋਂ ਆਰੰਭ

ਹੁੰਦਾ ਹੈ। ਜਿਸ ਦਾ ਗਾਇਨ ਨਿਰਧਾਰਤ ਰਾਗ, ਸ਼ੈਲੀ ਅਤੇ ਵਿਧੀ ਅਨੁਸਾਰ ਕੀਤਾ ਜਾਣਾ ਹੈ। ਇਹ ਰਹਾਉ ਦੀ ਤੁਕ ਬਾਣੀ ਰਚਨਾ ਦੀ ਕੇਂਦਰੀ ਇਕਾਈ ਜਾਂ ਕੁੰਜੀ ਹੈ, ਜਿਸ ਦੇ ਗਾਇਨ ਦੁਆਰਾ ਰਚਨਾ ਦਾ ਸੰਚਾਰ ਹੋਣਾ ਹੈ। ਇਸ ਦੇ ਗਾਇਨ ਦੁਆਰਾ ਬਾਣੀ ਦੁਆਰਾ ਸੰਦੇਸ਼ ਸਮੂਰਤ ਹੁੰਦਾ ਹੈ। ਸ਼ਬਦ ਰਚਨਾ ਦੇ ਅੰਤਰਗਤ ਦਿੱਤੇ ਗਏ ਵਿਭਿੰਨ ਅੰਕ ਇਸ ਕੇਂਦਰੀ ਇਕਾਈ ਦੇ ਅਨੁਭਵ ਤੇ ਬੋਧ ਨੂੰ ਵਿਭਿੰਨ ਦਲੀਲਾਂ ਪ੍ਰਮਾਣਾਂ ਤੇ ਉਕਤੀਆਂ ਸਹਿਤ ਦ੍ਰਿੜ ਕਰਵਾਉਣ ਵਿਚ ਸਹਾਈ ਹੁੰਦੇ ਹਨ। ਇਨ੍ਹਾਂ ਅੰਕਾਂ ਦਾ ਗਾਇਨ ਅੰਤਰੇ ਦੇ ਰੂਪ ਵਿਚ ਕੀਤਾ ਜਾਣਾ ਹੈ। ਇਕ ਜਾਂ ਇਕ ਤੋਂ ਵਧੀਕ ਰਹਾਉ ਦੀਆਂ ਤੁਕਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਭਾਵ ਪਰਿਵਰਤਨ ਜਾਂ ਰਚਨਾ ਵਿਚਲੀ ਸਮੱਸਿਆ ਦੇ ਸਮਾਧਨ ਦੇ ਸੰਚਾਰ ਉਪਰੰਤ ਰਹਾਉ ਜਾਂ ਸਥਾਈ ਦੀ ਤੁਕ ਵਿਚ ਵੀ ਪਰਿਵਰਤਨ ਆ ਜਾਂਦਾ ਹੈ।

ਗੁਰਬਾਣੀ ਦੀ ਸੰਚਾਰ ਪ੍ਰਕ੍ਰਿਆ ਦੌਰਾਨ ਇਸਦੇ ਰਾਗ, ਕਾਵਿ ਰੂਪ/ਗਾਇਨ ਸ਼ੈਲੀ, ਧੁਨੀ, ਘਰੁ, ਅੰਕ, ਰਹਾਉ ਆਦਿ ਸੰਜੁਗਤ ਰੂਪ ਵਿਚ ਕਾਰਜਸ਼ੀਲ ਰਹਿੰਦੇ ਹਨ। ਇਨ੍ਹਾਂ ਸਮੂਹ ਤੱਤਾਂ ਦੀ ਪ੍ਰਕ੍ਰਿਤੀ ਵਿਚ ਭਾਵਾਤਮਕ ਤੇ ਰਸਾਤਮਕ ਏਕਤਾ ਦ੍ਰਿਸ਼ਟੀ-ਗੋਚਰ ਹੁੰਦੀ ਹੈ। ਸੰਗੀਤਕ ਸੰਕੇਤ ਸ਼ਬਦ ਦੇ ਕੇਂਦਰ ਵਿਚ ਵਿਦਵਾਨ ਵਿਚਾਰ ਨੂੰ ਨੂੰ ਪ੍ਰਕਾਸ਼ਮਾਨ ਕਰਨ ਤੇ ਦ੍ਰਿੜਾਉਣ ਲਈ ਪ੍ਰਸਤੁਤੀ ਮਾਰਗ ਦਰਸ਼ਨ ਕਰਦਿਆਂ ਗਤੀਸ਼ੀਲ ਰਹਿੰਦੇ ਹਨ। ਇਸ ਪ੍ਰਕਾਰ ਇਹ ਸਮੁੱਚੀ ਪ੍ਰਕ੍ਰਿਆ ਸਾਧਾਰਣ ਨਾ ਰਹਿ ਕੇ ਵਿਸ਼ਿਸ਼ਟ ਹੋ ਨਿਬੜਦੀ ਹੈ ਹੈ। ਇਸ ਸੰਗੀਤ ਪ੍ਰਬੰਧ ਦਾ ਉਲੰਘਣ ਸ਼ਬਦ ਦੇ ਸਹੀ ਨਿਰਧਾਰਤ ਪ੍ਰਕ੍ਰਿਆ ਦਾ ਭਾਵ ਪ੍ਰਕਾਸ਼ਨ ਵਿਚ ਰੁਕਾਵਟ ਪੈਦਾ ਕਰਦਾ ਹੋਇਆ ਅਰਥ ਦਾ ਅਨਰਥ ਕਰ ਸਕਦਾ ਹੈ।

ਬਾਣੀ ਦੇ ਸੰਚਾਰ ਲਈ ਪ੍ਰਯੁਕਤ ਵਿਭਿੰਨ ਸੰਗੀਤਕ ਤੱਤਾਂ ਨੂੰ ਗੁਰੂ ਸਾਹਿਬਾਨ ਨੇ ਇਨ੍ਹਾਂ ਦੇ ਪਰੰਪਰਾਗਤ ਸੰਗੀਤਕ ਗੁਣਾਂ ਦੇ ਰੂਪ ਵਿਚ ਨਾ ਸਵੀਕਾਰ ਕਰਦੇ ਹੋਏ ਇਨ੍ਹਾਂ ਨੂੰ ਨਵੀਨ ਤੇ ਵਿਗਿਆਨਕ ਪਹੁੰਚ ਦੁਆਰਾ ਗੁਰਮਤਿ ਸੰਗੀਤ ਦੇ ਅੰਕੁਸ਼ ਤੇ ਅਨੁਸ਼ਾਸਨ ਵਿਚ ਰੱਖਿਆ ਹੈ। ਇਸ ਅਨੁਸ਼ਾਸਨ ਅਧੀਨ ਇਹ ਆਪਣੇ ਸਰੋਤੇ/ਸੰਗਤ ਨੂੰ ਕਿਸੇ ਸੰਗੀਤਕ ਆਡੰਬਰ ਜਾਂ ਆਕਰਸ਼ਣ ਦਾ ਪ੍ਰਲੋਭਨ ਨਹੀਂ ਦਿੰਦੇ ਅਤੇ ਨਾ ਹੀ ਇਨ੍ਹਾਂ ਉਸਤਤ ਗ੍ਰਾਹਕ ਕਲਾ ਸਰੂਪਾਂ ਨੂੰ ਇਨ੍ਹਾਂ ਦੀ ਮੂਲ ਪ੍ਰਵਿਰਤੀ ਵੱਲ ਉਲਾਰ ਹੋਣ ਦਿੰਦੇ ਹਨ।

ਗੁਰਬਾਣੀ ਦੇ ਅੰਤਰਗਤ ਕਈ ਰਾਗਾਂ, ਰਾਗ ਪ੍ਰਕਾਰਾਂ, ਮਿਸ਼ਰਤ ਰਾਗਾਂ ਅਤੇ ਮੌਸਮੀ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ, ਪਰ ਰਾਗ ਦੀ ਪਰਧਾਨਤਾ ਨਹੀਂ। ਬਾਣੀਕਾਰ ਰਾਗ ਦੀ ਨਾਦਾਤਮਕ ਸ਼ਕਤੀ ਤੋਂ ਇਨਕਾਰੀ ਨਹੀਂ ਸਗੋਂ ਉਨ੍ਹਾਂ ਅਨੁਸਾਰ ਉਹ ਰਾਗ ਉਤਮ ਹੈ ਜਿਸ ਦੁਆਰਾ ਪ੍ਰਭੂ ਦਾ ਨਾਮ ਮਨ ਵਿਚ ਵਸ ਜਾਵੇ। ਗੁਰੂ ਸਾਹਿਬਾਨ ਨੇ ਭਾਰਤੀ ਸੰਗੀਤ ਵਿਚ ਰਾਗ ਪ੍ਰਕ੍ਰਿਤੀ ਦੇ ਆਧਾਰ ਪ੍ਰਚਲਿਤ ਰਾਗ ਧਿਆਨਾਂ ਨੂੰ ਨਵੀਨ ਤੇ ਮੌਲਿਕ ਅਧਿਆਤਮਕ ਅਰਥ ਵੀ ਪ੍ਰਦਾਨ ਕਰਵਾਏ ਹਨ।

ਰਾਗ ਦੇ ਬਹੁਮੁਖੀ ਅਤੇ ਬਹੁਮੰਤਵੀ ਪ੍ਰਯੋਗ ਤੋਂ ਇਲਾਵਾ ਬਾਣੀਕਾਰਾਂ ਨੇ ਵਿਭਿੰਨ ਸਨਾਤਨੀ ਤੇ ਦੇਸੀ ਸੰਗੀਤ ਸ਼ੈਲੀਆਂ ਨੂੰ ਗੁਰਮਤਿ ਸੰਗੀਤ ਪ੍ਰਬੰਧ ਦੇ ਅਨੁਸ਼ਾਸ਼ਨ ਅਧੀਨ ਆਪਣੀ ਪ੍ਰਯੋਜਨ ਸਿਧੀ ਲਈ ਇਸਤੇਮਾਲ

ਕੀਤਾ ਹੈ। ਗੁਰੂ ਸਾਹਿਬਾਨ ਨੇ ਸਨਾਤਨੀ ਤੇ ਸ਼ਾਸਤਰੀ ਸੰਗੀਤ ਸ਼ੈਲੀਆਂ ਦੀ ਕੱਟੜਤਾ ਨੂੰ ਗੁਰਮਤਿ ਸੰਗੀਤ ਪ੍ਰਬੰਧ ਦੇ ਸਹਿਜ ਦਾ ਧਾਰਨੀ ਬਣਾਇਆ ਹੈ ਅਤੇ ਲੋਕ ਸੰਗੀਤ ਦੀਆਂ ਵਿਭਿੰਨ ਗਾਇਨ ਸ਼ੈਲੀਆਂ ਉਤੇ ਗੁਰਮਤਿ ਸੰਗੀਤ ਦਾ ਅੰਕੁਸ਼ ਲਗਾ ਕੇ ਨਿਸ਼ਚਤ ਬੰਧੇਜ ਵੀ ਪ੍ਰਦਾਨ ਕਰਵਾਇਆ ਹੈ, ਜਿਸ ਦੀਆਂ ਅਨੇਕ ਮਿਸਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਪੱਸ਼ਟ ਹੋ ਜਾਂਦੀਆਂ ਹਨ।

ਇਥੇ ਇਹ ਗੱਲ ਵੀ ਸਪਸ਼ਟ ਕਰਨੀ ਹੋਵੇਗੀ ਕਿ ਗੁਰਬਾਣੀ ਸੰਗੀਤ ਵਿਚ ਸ਼ਾਸਤਰੀ ਤੇ ਲੋਕ ਗਾਇਨ ਦੀਆਂ ਵਿਭਿੰਨ ਸ਼ੈਲੀਆਂ ਨੂੰ ਉਨ੍ਹਾਂ ਦੇ ਮੂਲ ਪ੍ਰਚਲਿਤ ਪਰਿਭਾਸ਼ਕ ਗੁਣਾਂ ਦਾ ਤਿਆਗ ਕਰਕੇ ਕੇਵਲ ਗਾਇਨ-ਅੰਗ ਵਜੋਂ ਹੀ ਸਵੀਕਾਰ ਕੀਤਾ ਗਿਆ ਹੈ।

ਗੁਰਬਾਣੀ ਦੇ ਅੰਤਰਗਤ ਪ੍ਰਸਤੁਤੀ ਅਤੇ ਪ੍ਰਸਤੁਤਕਾਰ ਸਬੰਧੀ ਵੀ ਵਿਭਿੰਨ ਪ੍ਰਮਾਣ ਦ੍ਰਿਸ਼ਟੀਗੋਚਰ ਹੁੰਦੇ ਹਨ। ਗੁਰਬਾਣੀ ਸੰਗੀਤ ਦੀ ਪ੍ਰਸਤੁਤੀ ਸੰਗੀਤ ਦੀ ਕਿਸੇ ਹੋਰ ਸਾਧਾਰਣ ਪ੍ਰਸਤੁਤੀ ਤੋਂ ਮੂਲੋਂ ਹੀ ਭਿੰਨ ਹੈ। ਸੰਗੀਤ ਦੀ ਸਾਧਾਰਣ ਪ੍ਰਸਤੁਤੀ ਦੌਰਾਨ ਪੂਰਵ ਸਿਰਜੀ ਹਉਂ ਜਾਂ ਸਵੈ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਜਿਸ ਵਿਚ ਕਲਾਕਾਰ ਆਪਣੇ ਅਨੁਭਵ ਦੀ ਅਭਿਵਿਕਤੀ ਨੂੰ ਆਪਣੀ ਕਲਾ ਸਾਧਨਾਂ ਦੁਆਰਾ ਸਰੋਤੇ ਦਾ ਭਾਵ ਵਿਰੇਚਨ ਕਰਦਾ ਹੋਇਆ ਸੰਗੀਤਕ ਆਨੰਦ ਦੀ ਪ੍ਰਾਪਤੀ ਕਰਾਉਂਦਾ ਹੈ। ਬਾਣੀ ਦੀ ਪ੍ਰਸਤੁਤੀ ਹਉਂ ਰਹਿਤ ਸੰਪੂਰਨ ਸਮਰਪਣ ਦੀ ਮੰਗ ਕਰਦੀ ਹੈ, ਇਹ ਸ਼ਬਦ ਦੇ ਸਤਿ ਦਾ ਅਨੁਭਵ ਤੇ ਬੋਧ ਕਰਵਾਉਂਦਿਆਂ ਮਨ ਅੰਤਰ ਵਿਚ ਨਿਹਤ ਨਵੀਨ ਚੇਤਨਾ ਨੂੰ ਜਗਾਉਣ ਵੱਲ ਰੁਚਿਤ ਹੁੰਦੀ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਅਤੇ ਇਨ੍ਹਾਂ ਦੇ ਅਨੁਯਾਈਆਂ ਨੇ ਗੁਰਮਤਿ ਸੰਗੀਤ ਦੀ ਇਸ ਪਰੰਪਰਾ ਨੂੰ ਵਿਵਹਾਰਿਕ ਵਿਧੀ ਦੁਆਰਾ ਸੰਸਥਾਗਤ ਰੂਪ ਵਿਚ ਅਪਣਾਇਆ ਹੈ। ਜਿਸ ਸਦਕਾ ਇਹ ਸਿੱਖ ਧਰਮ ਦਾ ਅਨਿੱਖੜ ਅੰਗ ਬਣ ਗਈ ਹੈ। ਉਪਰ ਵਰਣਿਤ ਵਿਸ਼ਿਸ਼ਟਤਾਵਾਂ ਸਦਕਾ ਹੀ ਇਹ ਸੰਗੀਤ ਸਮੂਹ ਪੂਰਵਕਾਲੀਨ ਤੇ ਸਮਕਾਲੀਨ ਪਰੰਪਰਾਵਾਂ ਤੋਂ ਸਹਿਜੇ ਹੀ ਨਿਖੜ ਜਾਂਦਾ ਹੈ। ਇਸ ਸੰਗੀਤ ਪ੍ਰਬੰਧ ਅਧੀਨ ਪ੍ਰਯੋਗ ਕੀਤੇ ਜਾਣ ਵਾਲੇ ਸੰਗੀਤਕ ਉਪਕਰਣਾਂ ਨੂੰ ਪ੍ਰਦਾਨ ਕੀਤੇ ਗਏ ਨਵੀਨ ਅਰਥਾਂ ਨੇ ਇਨ੍ਹਾਂ ਵਿਚਲੀਆਂ ਵਿਲੱਖਣ ਸੰਭਾਵਨਾਵਾਂ ਨੂੰ ਹੋਰ ਵੀ ਉਜਾਗਰ ਕੀਤਾ ਹੈ। ਗੁਰੂ ਸਾਹਿਬਾਨ ਇਨ੍ਹਾਂ ਉਪਕਰਣਾਂ ਦਾ ਜਿਥੇ ਸੁਚੇਤ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪ੍ਰਯੋਗ ਕਰ ਰਹੇ ਹਨ ਉਥੇ ਉਹ ਇਸ ਕਾਰਜ ਅਧੀਨ ਆਪਣੇ ਸਰੋਤੇ ਦੇ ਮਾਨਸਿਕ ਪੱਧਰ, ਮਨੋਵਿਗਿਆਨ ਤੇ ਸਭਿਆਚਾਰਕ ਮਨੋਦਿਸ਼ਾ ਤੇ ਮਨੋਦਸ਼ਾ ਤੋਂ ਭਲੀਭਾਂਤ ਪਰਿਚਤ ਹਨ।

ਇਸ ਸੰਗੀਤ ਪ੍ਰਬੰਧ ਤੇ ਪਰੰਪਰਾ ਦੀ ਮੌਲਿਕਤਾ ਦੇ ਅਧਿਐਨ ਲਈ ਬਾਣੀ ਦੇ ਮੂਲ ਆਦਰਸ਼ ਅਤੇ ਅੰਤਿਮ ਲਕਸ਼ ਤੋਂ ਭਲੀਭਾਂਤੀ ਪਰਿਚਿਤ ਹੋਣਾ ਲਾਜ਼ਮੀ ਹੈ। ਇਸ ਸੰਗੀਤ ਪ੍ਰਬੰਧ ਦੀ ਪਛਾਣ ਲਈ ਇਸ ਦੇ ਕਿਸੇ ਇਕ ਸੰਗੀਤਕ ਉਪਕਰਣ ਨੂੰ ਇਕ

(ਬਾਕੀ ਸਫਾ 34 ਤੇ)

# ਸੰਗੀਤ ਮਤ

ਬੇਦੀ ਲਾਲ ਸਿੰਘ ਸਾਹਿਤਕਾਰ
ਸੰਪਾਦਕ ਨਿਰਗੁਨੀਆਰਾ ਅੰਮ੍ਰਿਤਸਰ

ਸੰਗੀਤ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ ਜਿਸ ਦੇ ਅਰਥ ਹਨ :

1. ਸੰਗੀਤ ਰਾਗ 2. ਸਹਿਤ 3. ਨਾਲ 4. ਮੇਲ 5. ਸਮੇਤ

ਯਥਾ : "ਬਹੁ ਭੋਜਨ ਕਾਪਰ ਸੰਗੀਤ" (ਗੁਰਬਾਣੀ)

ਸੁਖ ਸਾਗਰ ਕਰਤ ਸੰਗੀਤ (ਸਾਹਿਤਕਾਰ)

ਸੁਖ ਗਰਧਭ ਭਸਮ ਸੰਗੀਤ

(ਆਦਿ ਗ੍ਰੰਥ ਕੋਸ਼ ਪੰਨਾ ੧੦੯)

**ਸੰਗੀਤ** : ਸੰ: ਸੀਤ, ਸੰਸਿਆ,

ਨਿਰਤਯ, ਗਾਇਨ ਅਤੇ ਵਜਾਉਣ ਇਹਨਾਂ ਤਿੰਨਾਂ ਦੇ ਸਮੁਦਾਯ ਨੂੰ ਸੰਗੀਤ ਕਹਿੰਦੇ ਹਨ ।

ਵੈਸੇ ਤਾਂ ਸੰਗੀਤ ਦੀ ਪਰੰਪਰਾ ਆਦਿ ਤੋਂ ਚਲੀ ਆਉਂਦੀ ਹੈ, ਜਿਵੇਂ ਸ੍ਰੀ ਬ੍ਰਹਮਾ ਜੀ ਨੇ ਵਿਸ਼ਨੂੰ ਜੀ ਦੇ ਦਰਬਾਰ ਵਿਚ ਸੰਗੀਤ ਨਾਲ ਹੀ ਉਨ੍ਹਾਂ ਦੀ ਉਸਤਤ ਗਾਇਨ ਕੀਤੀ ਸੀ, ਜੋ ਪਰੰਪਰਾ ਅੱਜ ਵੀ ਹਿੰਦੂ ਮੰਦਰਾਂ ਵਿਚ ਪ੍ਰਚਲਿਤ ਹੈ । ਦਸਮ ਗ੍ਰੰਥ ਵਿਚ ਸੰਗੀਤ ਛੰਦਾਂ ਦੀਆਂ ਸਤ ਕਿਸਮਾਂ ਅੰਕਿਤ ਹਨ, ਜਿਵੇਂ :

1. ਸੰਗੀਤ ਛਪਯ
2. ਸੰਗੀਤ ਨਮਜ
3. ਸੰਗੀਤ ਪ੍ਰਧਿਸੂਕਾ
4. ਸੰਗੀਤ ਪ੍ਰਾਪਤੀ
5. ਸੰਗੀਤ ਬਹਿੜ੍ਹਾ
6. ਸੰਗੀਤ ਭੁਜੰਗ ਪ੍ਰਯਾਤ
7. ਸੰਗੀਤ ਮਧੁਭਾਰ (ਪੰਨਾ 241)

ਉਪਰੋਕਤ ਅਰਥ ਸੰਗੀਤ ਦੇ ਕੋਸ਼ ਤੇ ਆਧਾਰਿਤ ਹਨ । ਵੈਸੇ ਗਾਉਣਾ ਅਤੇ ਰੋਣਾ ਕੁਦਰਤੀ ਤੌਰ ਤੇ ਹਰ ਇਕ ਇਨਸਾਨ ਨੂੰ ਪ੍ਰਾਪਤ ਹੈ । ਰੋਣ ਨਾਲ ਜੀਵ ਦੇ ਗਮ ਦੇ ਗੁਬਾਰ ਨਿਕਲ ਕੇ ਉਸ ਦੇ ਮਨ ਨੂੰ ਸ਼ਾਂਤੀ ਪ੍ਰਦਾਨ ਕਰਦੇ ਹਨ ਪਰ ਸੰਗੀਤ ਖੁਸ਼ੀਆਂ, ਖੇੜੇ ਤੇ ਵੈਰਾਗ ਵੀ ਜੀਵ ਨੂੰ ਪ੍ਰਮੁੱਖ ਦੇਣ ਪ੍ਰਦਾਨ ਕਰਦਾ ਹੈ । ਸੰਗੀਤ ਆਚਾਰੀਆਂ ਨੇ ਰਾਗਾਂ ਪ੍ਰਤੀ ਬੜੇ ਗ੍ਰੰਥ ਲਿਖੇ ਹਨ । ਜਿਨ੍ਹਾਂ 'ਚੋ ਪ੍ਰਸਿੱਧ ਗ੍ਰੰਥ ਇਹ ਹਨ ।

1. ਕਾਨੂੰਨੇ ਮੌਸੀਕੀ
2. ਰਾਧਾ ਗੋਬਿੰਦ ਸੰਗੀਤ ਸਾਰ

3. ਭਰਤ ਜੀ ਸੰਗੀਤ ਸ਼ਾਸਤਰ
4. ਬੁਧ ਪ੍ਰਕਾਸ਼ ਦਰਪਨ
5. ਸੰਗੀਤ ਬਿਨੋਧ
6. ਸਿਧ ਸਾਰ ਸੁਤ ਸੰਗੀਤ
7. ਗੁਰਮਤਿ ਸੰਗੀਤ

ਭਾਰਤ ਵਿਚ ਰਾਗਾਂ ਦੇ ਵਿਸ਼ੇਸ਼ ਕਰਕੇ ਇਹ ਮਤ ਪ੍ਰਸਿੱਧ ਹਨ :

1. ਸ਼ਿਵ ਮਤ : ਵਾਸਤਵ ਵਿਚ ਸੰਗੀਤ ਵਿਦਿਆ ਦੇ ਪ੍ਰਮੁੱਖ ਆਦਿ ਆਚਾਰਯ ਸ਼ਿਵ ਜੀ ਮਹਾਰਾਜ ਮੰਨੇ ਜਾਂਦੇ ਹਨ । ਇਨ੍ਹਾਂ ਦੇ ਮਤ ਨੂੰ ਸ਼ਿਵ ਮਤ ਆਖਦੇ ਹਨ ।

2. ਭਰਤ ਮਤ ': ਭਰਤ ਜੀ' ਸੰਗੀਤ ਦੇ ਤੀਸਰੇ ਆਚਾਰਯ ਮੰਨੇ ਜਾਂਦੇ ਹਨ । ਵੈਸੇ ਭਰਤ ਮਤ ਹਨੂਮਾਨ ਮਤ ਨਾਲ ਮਿਲਦਾ ਜੁਲਦਾ ਹੈ । ਇਸ ਮਤ ਦੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਮਤ ਵਿਚ ਇਸਤਰੀਆਂ ਦੀ ਥਾਂ ਨੂੰਹਾਂ ਨੂੰ ਵਿਸ਼ੇਸ਼ਤਾ ਦਿੱਤੀ ਗਈ ਹੈ । ਇਸ ਦੀ ਇਕ ਸ਼ਾਖ ਨੇ ਦੂਜੇ ਮਤਾਂ ਵਾਂਗੂੰ ਧੀਆਂ ਦਾ ਸਿਲਸਿਲਾ ਵੀ ਲਿਆ ਹੈ ਪਰ ਜੋ ਰਾਗਮਾਲਾ ਭਰਤ ਮਤ ਦੀ ਹੈ, ਉਸ ਵਿਚ ਉਸ ਦੇ ਰਾਗਾਂ ਦੇ ਪਰਿਵਾਰ ਵਿਚ ਇਸਤਰੀ, ਪੁੱਤਰ ਤੇ ਨੂੰਹਾਂ ਮੰਨੀਆਂ ਹਨ । ਜਿਵੇਂ :

**ਭਰਤ ਮਤ** : ਪਰਿਵਾਰ

1———2——— —3— —4——5—-6———7——8

ਇਸਤਰੀ

1. ਮਧ ਮਾਧਵੀ ਲਲਿਤਾ—ਬੈਰਾੜੀ—ਭੈਰਵੀ—ਬਹੁਲੀ-ਬੰਗਾਲ—ਬਿਭਾਸ—ਪੰਚਮ

ਪੁੱਤਰ

2. ਦਿਸਾਖ—ਹਰਖ – ਲਲਿਤ—ਮਾਧਵ—ਬਿਲਾਵਲ— -ਬੰਗਾਲ—ਬਿਭਾਸ—ਪੰਚਮ

ਨੂੰਹਾਂ

3. ਅੰਧਿਆਲੀ—ਪਹੁਲਾ—ਗੁਜਰੀ– ਪਟਪੰਜਰੀ—ਮਹੇਵੀ-ਬਿਲਾਵਲੀ--ਸੂਹ-ਾ–ਸੋਰਠੀ

(ਗੁ. ਗ੍ਰੰਥ ਕੋਸ਼ ਪੰਨਾ ੯੬੪੮)

**ਹਨੂਮਾਨ ਮਤ** : ਇਹ ਮਤ ਹੋਰਨਾਂ ਮਤਾਂ ਨਾਲੋਂ ਵੱਖਰਾ ਹੈ । ਇਸ ਦੇ ਰਾਗ ਭਾਰਤ ਦੇ ਪ੍ਰਸਿਧ ਛਿਆਂ ਰਾਗਾਂ ਨਾਲ ਮਿਲਦੇ ਹਨ ਪਰ ਰਾਗਣੀਆਂ ਵਿਚ ਅੰਤਰ ਹੈ । ਕਈ ਵਿਦਵਾਨਾਂ ਨੇ ਲਿਖਿਆ ਹੈ ਕਿ ਹਨੂਮਾਨ ਮਤ ਗੁਰਮਤਿ ਸੰਗੀਤ ਨਾਲ ਮਿਲਦਾ ਹੈ ਪਰ ਪੜਤਾਲ ਕਰਨ ਤੋਂ ਸਿੱਧ ਹੋਇਆ ਹੈ ਕਿ ਇਸ ਮਤ ਵਿਚ ਨ੍ਰਿਤਯ ਪ੍ਰਧਾਨ ਹੈ ਪਰ ਗੁਰਮਤਿ ਵਿਚ ਨ੍ਰਿਤਯ ਦਾ ਨਿਖੇਧ ਹੈ । ਵੈਸੇ ਪ੍ਰਸਿੱਧ ਰਾਗੀ ਇਸ ਹੀ ਮਤ ਦੇ ਸਨ, ਯਥਾ ਤਾਨਸੈਨ, ਬੈਜੂਬਾਵਰਾ, ਪੰਡਾਰੀ ਤੇ ਗੋਰਬਾਰਸੀ ਦੋਨੋ ਪੂਰਬ ਦੇ ਪ੍ਰਸਿੱਧ ਸੰਗੀਤ ਆਚਾਰੀਆ ਸਨ । (ਪੰਨਾ ੮੬੬)

ਖੋਜੀ ਵਿਦਵਾਨਾਂ ਨੇ ਪੜਤਾਲ ਕਰਕੇ ਲਿਖਿਆ ਹੈ ਕਿ ਦੀਵਾਨ ਨਠੀ ਰਾਮ ਨੇ ੧੭੬੮ (1768) ਸੰਮਤ ਵਿਚ ਇਸ ਸੰਗੀਤ ਦੇ ਪ੍ਰਸਿਧ ਮਤਾਂ 'ਚੋਂ ਆਪਣੀ ਮਰਜ਼ੀ ਨਾਲ ਨੂੰਹਾਂ ਨੂੰ ਲੈ ਕੇ ਸ਼ੁਧ ਪ੍ਰਕਾਸ਼ ਦਰਪਨ ਗ੍ਰੰਥ ਲਿਖਿਆ ਹੈ। (ਪੰਨਾ ੬੬੭)

4. **ਸਿਧਸਾਰਸੁਤ ਮਤ :** ਇਸ ਗ੍ਰੰਥ ਦੇ ਕਰਤਾ 'ਰਿਖੀ ਸਾਰਸੁਤ' ਹਨ ਪਰ ਇਹਨਾਂ ਦੇ ਰਾਗਾਂ ਦੇ ਪਰਿਵਾਰਾਂ ਦੀ ਵੰਡ ਭਰਤ-ਹਨੂਮਾਨ ਮਤ ਨਾਲ ਮਿਲਦੀ ਜੁਲਦੀ ਹੈ। ਪਰ ਹੋਰਨਾਂ ਮਤਾਂ ਤਾਂ ਛੇ ਰਾਗ ਮੁਸਤਨਟ ਮੰਨੇ ਹਨ ਪਰ ਇਸੇ ਨੇ ਸਤ ਰਾਗ ਮੰਨੇ ਹਨ। ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ।

1. ਭੈਰਵ ਰਾਗ 2. ਮਾਲਕੌਂਸ ਰਾਗ 3. ਹਿਡੋਲ ਰਾਗ 4. ਸਿਰੀ ਰਾਗ 5. ਦੀਪਕ ਰਾਗ 6. ਮੇਘ ਰਾਗ 7. ਬਸੰਤ ਰਾਗ

5. **ਰਾਗਾਰਵਣ ਮਤ :** ਇਸ ਮਤ ਵਿਚ ਰਾਗ ਕਰਤੇ ਦੀ ਮਰਜ਼ੀ ਦੇ ਹੀ ਹਨ, ਜੋ ਉਪਰੋਕਤ ਕਿਸੇ ਮਤ ਨਾਲ ਮੇਲ ਨਹੀਂ ਖਾਂਦੇ। ਇਹ ਵੀ ਗੁਰਮਤ ਸੰਗੀਤ ਨਾਲੋਂ ਵੱਖਰਾ ਮਤ ਹੈ।

6. **ਗੁਰਮਤ ਸੰਗੀਤ ਮਤ :** ਗੁਰੂ ਗ੍ਰੰਥ ਸਾਹਿਬ ਦੀ ਸਾਰੀ ਦੀ ਸਾਰੀ ਬਾਣੀ ਹੀ ਰਾਗਾਂ ਵਿਚ ਅੰਕਿਤ ਹੈ। ਪਰ ਗੁਰਬਾਣੀ ਦਾ ਪਾਠ ਸਿੱਖ ਆਪਣੀ ਮਰਜ਼ੀ ਨਾਲ ਬਿਨ੍ਹਾਂ ਰਾਗਾਂ ਦੇ ਹੀ ਕਰ ਰਹੇ ਹਨ। ਵਾਸਤਵ ਵਿਚ ਬਾਣੀ ਰਾਗਾਂ ਵਿਚ ਹੀ ਪੜ੍ਹਨੀ ਚਾਹੀਦੀ ਹੈ। ਜਿਵੇਂ ਸਾਮ ਵੇਦ ਦੇ ਰਾਗਾਂ ਪ੍ਰਤੀ ਲਿਖੇ ਮੰਤਰ ਸਾਧਾਰਣ ਰੂਪ ਵਿਚ ਨਹੀਂ ਪੜ੍ਹੇ ਜਾਂਦੇ, ਸਗੋਂ ਰਾਗਾਂ ਵਿਚ ਹੀ ਪੜ੍ਹੇ ਜਾਂਦੇ ਹਨ। ਸਿੱਖ ਮਤ ਵਿਚ ਬਹੁਤ ਸਾਰੀਆਂ ਰਸਮਾਂ ਬ੍ਰਹਮਣਵਾਦ ਦੇ ਤਹਿਤ ਕੀਤੀਆਂ ਜਾ ਰਹੀਆਂ ਹਨ। ਜਿਵੇਂ ਆਖੰਡ ਪਾਠ ਕਰਨ ਦੀ ਸਾਖੀ ਸਿੱਖ ਧਰਮ ਦੇ ਕਿਸੇ ਇਤਿਹਾਸ ਵਿਚ ਨਹੀਂ ਮਿਲਦੀ। ਕੇਵਲ 'ਕਾਹਨੂੰ ਵਾਨ' ਦੇ ਛੰਬ ਵਿਖੇ ਜਦ ਸਿੰਘਾਂ ਨੂੰ ਬਾਣੀ ਪੜ੍ਹਨ ਤੇ ਸੁਣਨ ਦਾ ਸਮਾਂ ਨਹੀਂ ਸੀ ਮਿਲਦਾ ਤਦੋਂ ਸਿੰਘਾਂ ਨੇ ਬਾਣੀ ਨੂੰ ਸੁਣਨ ਲਈ ਅਖੰਡ ਪਾਠ ਕੀਤਾ ਸੀ ਤੇ ਪਾਠ ਸਮੇਂ ਸਾਰੇ ਸਿੰਘ ਹਜ਼ੂਰੀ ਵਿਚ ਬੈਠ ਕੇ ਪਾਠ ਸਰਵਣ ਕਰਦੇ ਸਨ। ਸਮੇਂ ਦੀ ਤੇ ਪਾਠੀਆਂ ਦੀ ਗਿਣਦੀ ਦੀ ਕੋਈ ਪਾਬੰਦੀ ਨਹੀਂ ਸੀ। ਸਗੋਂ ਪਰਿਵਾਰ ਨੂੰ ਰਲ ਕੇ ਪਾਠ ਕਰਨਾ ਤੇ ਸੁਣਨਾ ਉਚਿਤ ਹੈ।

ਦੂਜਾ ਮਹਾਰਾਜਾ ਰਣਜੀਤ ਸਿੰਘ ਦੇ ਬੀਮਾਰੀ ਤੋਂ ਅਰੋਗਤਾ ਪ੍ਰਾਪਤ ਕਰਨ ਸਮੇਂ ਬ੍ਰਹਿਮਨਾਂ ਨੇ ਪ੍ਰਭੂ ਸ਼ੁਕਰਾਨੇ ਹਿਤ ਵਰਨੀ ਕਰਾਉਣ ਦਾ ਪ੍ਰਬੰਧ ਕੀਤਾ ਸੀ, ਜੋ 48 ਘੰਟਿਆਂ ਵਿਚ ਸੁੱਚੇ ਪਾਣੀ ਦਾ ਕੋਰਾ ਘੜਾ ਰੱਖ ਕੇ ਉਸ ਨੂੰ ਮੌਲੀ ਬੰਨ ਕੇ ਉਸ ਦੇ ਉਪਰ ਲਾਲ ਰੰਗ ਦਾ ਕਪੜਾ ਬੰਨ੍ਹ ਕੇ ਉਸ ਦੇ ਉਤੇ ਫਿਰ ਨਲੇਰ ਨੂੰ ਕਪੜਾ ਬੰਨ੍ਹ ਕੇ ਤੇ ਉਸ ਦੇ ਉਪਰ ਫਿਰ ਮੌਲੀ ਬੰਨ੍ਹ ਕੇ ਵਰਨੀ ਮੰਤਰਾਂ ਨਾਲ ਹਵਨ ਕੁੰਡ ਰਾਹੀਂ ਕੀਤੀ ਜਾਂਦੀ ਸੀ। ਪਰ ਇਸ ਗਲ ਨੂੰ ਦੂਰ ਕਰਨ ਲਈ ਅਕਾਲੀ ਫੂਲਾ ਸਿੰਘ ਨੇ 48 ਘੰਟਿਆਂ ਵਿਚ ਵਰਨੀ ਦੀ ਥਾਂ ਤੇ ਆਖੰਡ ਪਾਠ ਕਰਾਇਆ ਸੀ

ਜਿਸ ਤੋਂ ਫਿਰ ਆਖੰਡ ਪਾਠ ਦੀ ਪਰੰਪਰਾਂ ਚਾਲੂ ਹੋਈ। ਆਖੰਡ ਪਾਠ ਵਿਚ ਪਾਠੀਆਂ ਦੀ ਕੋਈ ਗਿਣਤੀ ਨਹੀਂ ਹੁੰਦੀ। ਪਰ ਅਜ ਆਖੰਡ ਪਾਠ ਇਕ ਰਸਮ ਬਣ ਚੁੱਕੀ ਹੈ। ਬਾਣੀ ਸੁਣਨ ਨਾਲਾ ਕੋਈ ਨਾ ਹੋਣ ਕਰਕੇ ਪਾਠੀ ਹੀ ਕਰੀ ਜਾਂਦੇ ਹਨ। ਗੱਲ ਭਾਵੇਂ ਮੁੱਖ ਵਿਸ਼ੇ ਤੋਂ ਬਾਹਰ ਹੀ ਹੈ ਪਰ ਰਾਗਾਂ ਨਾਲ ਸੰਬੰਧ ਰੱਖਣ ਕਾਰਨ ਸੰਖੇਪ ਤੇ ਇਸ਼ਾਰੇ ਮਾਤਰ ਹੀ ਅੰਕਿਤ ਕੀਤੀ ਹੈ ਕਿ ਅਜ ਬਾਨੀ ਦੀ ਪੜ੍ਹਤ ਕਿਵੇਂ ਹੋ ਰਹੀ ਹੈ? ਬਾਣੀ ਪੜ੍ਹਨੀ ਤੇ ਸੁਣਨੀ ਹੀ ਸਿੱਖ ਦਾ ਮੁੱਖ ਧਰਮ ਹੈ। ਪਰ ਅਜ ਕਲ੍ਹ ਬਾਣੀ ਦੀ ਭਾਰੀ ਬੇ ਅਦਬੀ ਕੀਤੀ ਜਾ ਰਹੀ ਹੈ। ਆਖੰਡ ਪਾਠ ਰਖਿਆ ਜਾਂਦਾ ਹੈ ਪਰ ਘਰ ਵਾਲੇ ਸੁਣਦੇ ਹੀ ਨਹੀਂ। ਜਿਸ ਦਿਨ ਭੋਗ ਪੈਣਾ ਹੁੰਦਾ ਹੈ, ਉਸ ਦਿਨ ਸਾਕ-ਅੰਗ, ਸੱਜਣ-ਮਿਤਰ ਭੋਗ ਜਾਂ ਕੀਰਤਨ ਸਮੇਂ ਹਾਜ਼ਰੀ ਭਰਦੇ ਤੇ ਵੇਖਾ ਵੇਖੀ ਰਾਗੀਆਂ ਨੂੰ ਵੱਧ-ਚੜ੍ਹ ਕੇ ਅਰਦਾਸੇ ਕਰਾਉਂਦੇ ਹਨ। ਰਾਗੀ ਵੀ ਪੰਜ, ਦਸ ਜਾਂ ਵੀਹ ਰੁਪਏ ਭੇਟ ਕਰਨ ਵਾਲੇ ਦਾ ਰਜ ਕੇ ਕਲਿਆਨ ਕਰਦੇ ਹਨ, ਜੋ ਸਿੱਖੀ ਅਸੂਲਾਂ ਦੇ ਉੱਕਾ ਹੀ ਉਲਟ ਹੈ, ਮਨ ਮਤ ਹੈ। ਸਿਖ ਮਤ ਦੁਨੀਆਂ ਭਰ ਦੇ ਸਾਰੇ ਮਤਾਂ ਨਾਲੋਂ ਪ੍ਰਮੁੱਖ ਮਤ ਹੈ। ਪਰ ਇਹਨਾਂ ਭਾਈਆਂ ਨੇ ਲੋਕਾਂ ਨੂੰ ਫਿਰ ਬ੍ਰਾਹਮਣ ਵਾਦ ਦੀ ਰਸਮਾਂ ਵਿਚ ਜਕੜ ਦਿੱਤਾ ਹੈ। ਮਰਨ ਉਪਰੰਤ ਚੌਥਾ, ਸਤਾਰਵੀ, ਨੌਤੀ, ਚੁਵਰੀ ਸੁਮਧ ਆਦਿ ਰਸਮਾਂ ਸਿੱਖਾਂ ਨੂੰ ਵਿਚ ਵੀ ਘਰ ਕਰ ਚੁੱਕੀਆਂ ਹਨ, ਜਿਨ੍ਹਾਂ ਤੋਂ ਸਤਿਗੁਰਾ ਨੇ ਸਿੱਖਾਂ ਨੂੰ ਬਚਾਇਆ ਸੀ ਤੇ ਕੇਵਲ ਗੁਰਬਾਣੀ ਦਾ ਕੀਰਤਨ ਕਰਨ ਦਾ ਹੀ ਹੁਕਮ ਕੀਤਾ ਸੀ, ਭਾਵੇਂ ਖੁਸ਼ੀ ਹੋਵੇ ਭਾਵੇਂ ਗਮੀ। ਗਮੀ ਨੂੰ ਗੁਰੂ ਜੀ ਨੇ ਭਾਣੇ ਦੇ ਰੂਪ ਵਿਚ ਮੰਨਣ ਦਾ ਹੁਕਨ ਦਿੱਤਾ ਸੀ। ਅਤੇ ਸਗੋਂ ਕੀਰਤਨ ਰਾਹੀਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਦਾ ਅਦੇਸ਼ ਦਿੱਤਾ ਸੀ। ਪਰ ਸਿੱਖ ਵੀ ਕ੍ਰਿਆ ਵਾਂਗੂੰ ਕਪੜੇ, ਭਾਂਡੇ ਜੁੱਤੀ ਬਿਸਤਰਾ ਆਦਿ ਚੀਜ਼ਾਂ ਹਜ਼ੂਰੀ ਵਿਚ ਭੇਟ ਕਰਦੇ ਹਨ। ਇਸ ਮਨ ਮਤ ਦੀ ਰੁਚੀ ਵੱਲ ਕਿਸੇ ਪੰਥਕ ਮੁਖੀ ਦਾ ਧਿਆਨ ਨਹੀਂ। ਸਿੱਖਾਂ ਨੂੰ ਹਰ ਕਾਰਜ ਦੀ ਪੂਰਤੀ ਹਿੱਤ ਗੁਰਬਾਣੀ ਕੀਰਤਨ ਕਰਨ ਦਾ ਉਪਦੇਸ਼ ਦਿੱਤਾ ਸੀ। ਸੋ ਹੁਣ ਦਾਸ ਆਪਣੇ ਅਸਲ ਵਿਸ਼ੇ ਤੇ ਗੱਲ ਕਰਦਾ ਹੈ।

ਗੁਰਮਤ ਵਿਚ ਛੇ ਰਾਗ ਮੰਨੇ ਗਏ ਹਨ, ਜਿਵੇਂ ਪੰਚਮ ਪਾਤਿਸ਼ਾਹ ਕਹਿੰਦੇ ਹਨ :

ਖਸ਼ਟ ਰਾਗ ਉਨ ਮਾਏ ਸੰਗ ਰਾਗਣੀ ਤੀਸ

ਸਭੈ ਪੁੱਤਰ ਰਾਮਨ ਕੇ ਆਠਾਰਾਂ ਦਸ ਬੀਸ।

ਭਾਵੇਂ ਛੇ ਰਾਗ ਹਨ ਅਤੇ ਹਰ ਇਕ ਰਾਗ ਦੀਆਂ ਪੰਜ ਪੰਜ ਰਾਗਣੀਆਂ (ਇਸਤਰੀਆਂ) ਹਨ ਅਤੇ ਰਾਗਾਂ ਦੇ 8+10+20=48 ਪੁੱਤਰ ਹਨ ਕਾਨ੍ਹੂੰਨੀ ਮੌਸੀਕੀ ਤੇ ਉਪਰੋਕਤ ਜਿੰਨੇ ਮਤ ਅੰਕਿਤ ਕੀਤੇ ਸਨ ਸਵਾਇ ਭਰਤ ਮਤ ਦੇ ਬਾਕੀ ਮਤਾਂ ਨੇ ਪੰਜ ਪੰਜ ਇਸਤਰੀਆਂ ਹੀ ਮੰਨੀਆਂ ਹਨ, ਪਰ ਇਸ ਨੇ ਨੂੰਹਾਂ ਕਹੀਆਂ ਹਨ, ਜਿਨ੍ਹਾਂ ਦਾ ਵੇਰਵਾ ਅਸੀਂ ਉਪਰ ਭਰਤ ਮਤ ਵਿਚ ਦੇ ਆਏ ਹਾਂ।

(ਚਲਦਾ)

ਵਿਸ਼ੇਸ਼ ਲੇਖ

# ਏਹਿ ਭਿ ਦਾਤਿ ਤੇਰੀ ਦਾਤਾਰ (ਜਪੁਜੀ)

ਪ੍ਰਿੰ. ਸਾਹਿਬ ਸਿੰਘ

ਜਿਸ ਮਨੁੱਖ ਨੂੰ ਆਪਣੀ ਜ਼ਿੰਦਗੀ ਵਿਚ ਦੁੱਖ ਜਾਂ ਵਿਕਾਰ ਨਾਲ ਕਦੇ ਟਾਕਰਾ ਨਹੀਂ ਪਿਆ, ਉਸ ਨੂੰ ਕਦੇ ਇਹ ਸੋਚਣ ਦੀ ਲੋੜ ਨਹੀਂ ਪੈਂਦੀ ਕਿ ਇਹ 'ਦੁੱਖ-ਵਿਕਾਰ' ਕੀ ਹਨ ਤੇ ਇਹਨਾਂ ਤੋਂ ਬਚਾ ਕਿਵੇਂ ਹੋ ਸਕਦਾ ਹੈ। ਅਜਿਹਾ ਮਨੁੱਖਾ ਮਨੁੱਖ-ਜੀਵਨ ਦੇ ਅਮਲੀ ਪਹਿਲੂ ਦੀ ਬਾਬਤ ਕੁਝ ਨਹੀਂ ਜਾਣਦਾ।

ਪਰ ਉਞ, ਛੋਟੇ ਬਾਲ ਨੂੰ ਹੀ ਅਜਿਹਆਂ ਘਟਨਾਂ ਵਾਪਰਦੀਆਂ ਹਨ, ਜਿਨ੍ਹਾਂ ਕਰਕੇ ਉਸ ਦੇ ਮਨ ਵਿਚ ਇਹੋ ਜਿਹੇ ਪ੍ਰਸ਼ਨ ਉੱਠਣ ਲੱਗ ਪੈਂਦੇ ਹਨ:—

"ਮੈਂ ਡਿੱਗਦਾ ਕਿਉਂ ਹਾਂ?" "ਮੈਨੂੰ ਸੱਟਾਂ ਕਿਉਂ ਲਗਦੀਆਂ ਹਨ?"
"ਮੈਂ ਕਈ ਵਾਰੀ ਆਪਣਾ ਹੱਥ ਅੱਗ ਵਿਚ ਕਿਉਂ ਸਾੜ ਲੈਂਦਾ ਹਾਂ?"

ਬੱਚੇ ਦੀ ਹੱਡ-ਬੀਤੀ ਵਿਚ 'ਦੁੱਖ ਵਿਕਾਰ' ਦੀ ਹੋਂਦ ਦਾ ਸੁਆਲ ਇਸ ਉੱਪਰ-ਲਿਖੇ ਤਰੀਕੇ ਨਾਲ ਪੈਦਾ ਹੁੰਦਾ ਹੈ।

ਜਿਉਂ ਜਿਉਂ ਬਾਲ ਵੱਡਾ ਹੁੰਦਾ ਹੈ, ਇਹ 'ਦੁੱਖ-ਵਿਕਾਰ' ਹੋਰ ਸ਼ਕਲ ਵਟਾਂਦੇ ਹਨ-

'ਮੈਂ ਸਕੂਲ ਕਿਉਂ ਜਾਵਾਂ?" 'ਖੇਡਾਂ ਕਿਉਂ ਨਾ?"
"ਮੇਰੇ ਕਈ ਮਿੱਤਰ-ਸਾਥੀ ਮੇਰਾ ਗੁਆਢ ਛੱਡ ਕੇ ਕਿਤੇ ਹੋਰਥੇ ਕਿਉਂ ਚਲੇ ਗਏ ਹਨ?"

'ਮੇਰੇ ਕਈ ਮਿੱਤਰ ਮਰ ਕਿਉਂ ਗਏ ਹਨ?"
"ਮੈਂ ਕਈ ਵਾਰੀ ਬੀਮਾਰ ਕਿਉਂ ਹੋ ਜਾਂਦਾ ਹਾਂ?"

ਜਿਉਂ ਜਿਉਂ ਉਮਰ ਵਡੇਰੀ ਹੁੰਦੀ ਹੈ, ਇਹ ਹੱਡ-ਬੀਤੀ ਹੋਰ ਸ਼ਕਲ ਵਟਾ ਲੈਂਦੀ ਹੈ—

"ਦੁਨੀਆਂ ਵਿਚ ਗਰੀਬੀ ਕਿਉਂ ਹੈ?" "ਬਦੀ ਕਿਉਂ ਹੈ?" "ਉਪਦ੍ਰਵ ਕਿਉਂ ਹਨ?"

"ਝੱਖੜ, ਹੜ, ਭੁਚਾਲ ਕਿਉਂ ਹਨ?" "ਕੱਕਰ ਤੇ ਗੜੇ ਮਾਰ ਕਿਉਂ?
"ਗੱਡੀਆਂ ਤੇ ਮੋਟਰਾਂ ਦੇ ਭੇੜ ਕਿਉਂ?" "ਜਹਾਜ਼ ਕਿਉਂ ਡੁਬਦੇ ਹਨ?"
"ਜੰਗ ਤੇ ਕਤਲਾਮ ਕਿਉਂ?"

"ਜ਼ਿੰਦਗੀ ਵਿਚ ਚਿੰਤਾ ਫਿਕਰ ਕਿਉਂ ?" "ਬੁਢੇਪਾ ਕਿਉਂ ?"
"ਜੁਆਨਾਂ ਤੇ ਬੱਚਿਆਂ ਨੂੰ ਮੌਤ ਕਿਉਂ ?" "ਮੌਤ ਕਿਉਂ ?"
"ਜੀਵਨ ਵਿਚ ਸਦਾ ਮੌਜਾਂ ਕਿਉਂ ਨਹੀਂ ?"

ਇਹਨਾਂ ਸਹਸਿਆਂ ਵਲੋਂ ਅੱਖਾਂ ਮੀਟ ਰੱਖਣ ਵਿਚ ਸੁਖ ਨਹੀਂ, ਇਹਨਾਂ ਦਾ ਟਾਕਰਾ ਹੀ ਕਰਨਾ ਪਏਗਾ, ਇਹਨਾਂ ਦੀ ਤਹਿ ਤਕ ਅੱਪੜਨ ਦਾ ਜਤਨ ਕਰਨਾ ਪਏਗਾ, ਜੀਵਨ ਦੇ ਰਾਜ਼ ਨੂੰ ਸਮਝਣਾ ਪਏਗਾ, ਜਿਸ ਵਿਚ ਇਹ ਸਾਰੇ ਹੀ ਸੁਆਲ ਆ ਜਾਣ। ਇਹ ਸਾਰਾ ਜਗਤ-ਜੀਵਨ ਇਕ ਵੱਡੀ ਇਮਾਰਤ ਹੈ। ਇਸ ਵਿਚ ਸੁੱਖ-ਦੁੱਖ, ਕਲੇਸ਼ ਤੇ ਵਿਕਾਰ ਆਦਿਕ ਸਭ ਇਸ ਇਮਾਰਤ ਦੀਆਂ ਇੱਟਾਂ, ਚੂਨਾ, ਗਾਰਾ ਆਦਿਕ ਹਨ। ਇਸ ਸਾਰੀ ਇਮਾਰਤ ਦੀ ਸਮੁੱਚੀ ਹਸਤੀ ਨੂੰ ਸਮਝਣਾ ਹੀ ਪਏਗਾ।

ਜਗਤ ਵਿਚ 'ਦੁੱਖ ਕਲੇਸ਼' ਦੀ ਹੋਂਦ ਦਾ ਭੇਤ ਸਮਝਣ ਲਈ ਸਾਨੂੰ ਆਪਣਾ ਦ੍ਰਿਸ਼ਟੀ-ਮੰਡਲ ਖੁਲ੍ਹਾ ਕਰਨਾ ਪਏਗਾ। ਇੱਕ ਦੋ ਮਨੁੱਖਾਂ ਦੀ ਜ਼ਿੰਦਗੀ ਵਲ ਹੀ ਨਾ ਤੱਕੀਏ, ਸਗੋਂ ਸਾਰੀ ਮਨੁੱਖ-ਜਾਤੀ ਦੇ ਜੀਵਨ ਨੂੰ ਆਪਣੀ ਨਜ਼ਰ ਦੇ ਘੇਰੇ ਵਿਚ ਲਿਆਈਏ।

ਇਹ ਖ਼ਿਆਲ ਗ਼ਲਤ ਹੈ ਕਿ ਉਸ ਬੰਦੇ ਦੀ ਜ਼ਿੰਦਗੀ 'ਆਦਰਸ਼ਕ ਜ਼ਿੰਦਗੀ' ਹੈ ਜਿਸ ਨੂੰ ਸਭ ਤਰ੍ਹਾਂ ਦਾ ਸੁਖ ਪ੍ਰਾਪਤ ਹੈ, ਕਿਉਂਕਿ ਇਹ ਗੱਲ ਅਮਲੀ ਜੀਵਨ ਵਿਚ ਨਹੀਂ ਮਿਲਦੀ। ਇਖ਼ਲਾਕੀ ਉੱਚਤਾ ਤੇ ਪਵਿਤਰਤਾ-ਇਹ ਹਨ ਜ਼ਿੰਦਗੀ ਦੇ ਗਹਿਣੇ; ਘੜੀਂਦੇ ਹਨ 'ਦੁਖ ਕਲੇਸ਼' ਦੀ ਕੁਠਾਲੀ ਵਿਚ। ਸਿਰਜਨਹਾਰ ਨੇ ਕਿਸੇ ਮੰਦ ਭਾਵ ਨਾਲ ਇਨਸਾਨੀ ਜੀਵਨ ਦੇ ਰਾਹ ਵਿਚ ਦੁੱਖ ਕਲੇਸ਼ ਦੇ ਕੰਡੇ ਨਹੀਂ ਖਿਲਾਰੇ ਹਨ। ਜੇ ਆਪਣੇ ਪੈਦਾ ਕੀਤੇ ਬੰਦਿਆਂ ਨੂੰ ਦੁਖੀ ਰੱਖਣਾ ਉਸ ਦੀ ਰਜ਼ਾ ਹੁੰਦੀ ਤਾਂ ਪ੍ਰਭੂ ਉਹ ਦਾਰੂ, ਉਹ ਢੰਗ ਤੇ ਉਹ ਵਸੀਲੇ ਮਨੁੱਖ ਦੀ ਪਹੁੰਚ ਵਿਚ ਨਾ ਆਉਣ ਦੇਂਦਾ ਜੋ ਇਹਨਾਂ ਦੁੱਖ-ਕਲੇਸ਼ਾਂ ਨੂੰ ਦੂਰ ਕਰ ਦੇਂਦੇ ਹਨ। ਜਾਂ ਪਰਮਾਤਮਾ ਮਨੁੱਖ ਨੂੰ ਇਹ ਮਿੱਠੀ ਦਾਤ ਨਾ ਬਖ਼ਸ਼ਦਾ, ਜਿਸ ਨਾਲ ਮਨੁੱਖ ਵੱਡੇ ਤੋਂ ਵੱਡੇ ਭੀ ਹੋ ਬੀਤੇ ਕਸ਼ਟ ਭੁੱਲ ਜਾਂਦਾ ਹੈ। 'ਚੇਤਾ-ਸ਼ਕਤੀ' ਤੋਂ ਦੁੱਖ ਕਲੇਸ਼ ਮਿਟ ਜਾਣੇ—ਇਹ ਇੱਕ ਉੱਚੀ ਬਖ਼ਸ਼ਸ਼ ਹੈ। ਜਦੋਂ ਕੋਈ ਸਰੀਰਕ ਪੀੜ ਇਤਨੀ ਤੇਜ਼ ਹੋ ਜਾਏ ਕਿ ਸਹਾਰੀ ਨਾ ਜਾ ਸਕੇ, ਤਾਂ ਉਸ ਪੀੜ ਦੇ ਕਾਰਨ ਮਨੁੱਖ ਬੇਹੋਸ਼ ਹੋ ਜਾਂਦਾ ਹੈ; ਤੇ ਇਸ ਤਰ੍ਹਾਂ ਉਹ ਪੀੜ ਉਸ ਨੂੰ ਪੋਹ ਨਹੀਂ ਸਕਦੀ। ਸਰੀਰ ਦੀ ਇਹ ਬਣਤਰ ਹੀ ਉਸੇ ਬਣਾਈ ਹੈ ਜਿਸ ਨੇ ਇਸ ਦੇ ਰਾਹ ਵਿਚ ਦੁੱਖਾਂ ਦੀਆਂ ਔਖੀਆਂ ਘਾਟੀਆਂ ਖੜੀਆਂ ਕੀਤੀਆਂ ਹਨ।

ਇਹ ਸਾਰੀ ਜਗਤ-ਰਚਨਾ ਖ਼ਾਸ ਨੇਮਾਂ ਅਨੁਸਾਰ ਹੈ। ਉਹਨਾਂ ਨੇਮਾਂ ਦੇ ਅੰਦਰ ਰਹਿ ਕੇ ਸਾਰੇ ਤੱਤ ਆਪੋ ਆਪਣਾ ਕੰਮ ਕਰ ਰਹੇ ਹਨ, ਤੇ ਜਗਤ ਦੀ

ਕਾਰ ਠੀਕ ਹੁੰਦੀ ਜਾ ਰਹੀ ਹੈ। ਜਦੋਂ ਕਦੇ ਸਾਨੂੰ ਇਹ ਭੁਲੇਖਾ ਪੈਂਦਾ ਹੈ ਕਿ ਫ਼ਲਾਣੇ ਥਾਂ ਕਿਸੇ ਕੁਦਰਤੀ ਨੇਮ ਦਾ ਉਲੰਘਣ ਹੋ ਰਿਹਾ ਹੈ ਤਦੋਂ ਭੀ ਗਹੁ ਨਾਲ ਵੇਖਿਆ ਇਹ ਸਮਝ ਆ ਜਾਂਦੀ ਹੈ ਕਿ ਇਥੇ ਭੀ ਕੁਦਰਤ ਦਾ ਇਕ ਹੋਰਨੇਮ ਕੰਮ ਕਰ ਰਿਹਾ ਹੈ। ਮਨੁੱਖ ਨੇ ਬਹੁਤ ਦੁੱਖ ਕਲੇਸ਼ ਇਹਨਾਂ ਕੁਦਰਤੀ ਨੇਮਾਂ ਦਾ ਉਲੰਘਣ ਕਰਕੇ ਹੀ ਸਹੇੜੇ ਹਨ। ਜਿਨ੍ਹਾਂ ਕੁਦਰਤੀ ਨੇਮਾ ਦੀ ਮਨੁੱਖ ਨੂੰ ਸਮਝ ਆ ਗਈ ਹੈ ਤੇ ਪਤਾ ਲਗ ਚੁਕਿਆ ਹੈ ਕਿ ਜੇ ਇਹਨਾਂ ਦੇ ਵਿਰੁੱਧ ਤੁਰਿਆ ਤਾਂ ਫਲਾਣਾ ਕਸ਼ਟ ਆ ਪਏਗਾ, ਮਨੁੱਖ ਆਪਣੇ ਤੇ ਮਨੁੱਖ-ਜਾਤੀ ਦੇ ਭਲੇ ਵਾਸਤੇ ਉਹਨਾਂ ਨੇਮਾ ਦੀ ਵਿਰੋਧਤਾ ਨਹੀਂ ਕਰਦਾ। ਪਰ ਮਨੁੱਖ ਨੂੰ ਅਜੇ ਸਾਰੇ ਨੇਮਾਂ ਦੀ ਸਾਰ ਨਹੀਂ ਆਈ ਤੇ ਇਹ ਆਸ ਰੱਖਣੀ ਅਯੋਗ ਤੇ ਵਿਅਰਥ ਹੈ ਕਿ ਜਿਨ੍ਹਾਂ ਨੇਮਾਂ ਦੀ ਮਨੁੱਖ ਨੂੰ ਅਜੇ ਸਮਝ ਨਹੀਂ ਆਈ, ਉਹ ਨੇਮ ਜਗਤ-ਖੇਡ ਵਿਚ ਆਪਣਾ ਕੰਮ ਹਾਲਾਂ ਬੰਦ ਕਰ ਦੇਣ। ਇਕ ਜਹਾਜ਼ ਸਮੁੰਦਰ ਵਿਚ ਡੁੱਬ ਜਾਂਦਾ ਹੈ, ਲੋਕ ਇਸ ਨੂੰ ਰੱਬ ਦਾ ਕਹਿਰ ਆਖਣ ਲੱਗ ਪੈਂਦੇ ਹਨ। ਦੋ ਗੱਡੀਆਂ ਕਿਤੇ ਭਿੜ ਕੇ ਕਈ ਜਾਨਾਂ ਦਾ ਨੁਕਸਾਨ ਹੋ ਜਾਂਦਾ ਹੈ, ਇਹ ਭੀ ਰੱਬੀ ਕ੍ਰੋਪ ਗਿਣਿਆ ਜਾਂਦਾ ਹੈ। ਪਰ ਇਹ ਸਭ ਕੁਝ ਮਨੁੱਖ ਦੀਆਂ ਆਪਣੀਆਂ ਕਮਜ਼ੋਰੀਆਂ ਦਾ ਨਤੀਜਾ ਹੈ। ਜਹਾਜ਼ ਸਮੁੰਦਰ ਦੇ ਸਾਰੇ ਖ਼ਤਰਿਆਂ ਦਾ ਟਾਕਰਾ ਕਰਨ ਜੋਗਾ ਪੱਕਾ ਨਹੀਂ ਬਣਾਇਆ ਗਿਆ, ਸਮੁੰਦਰ ਵਿਚ ਵਰਤਦੇ ਕੁਦਰਤੀ ਨੇਮ ਆਪਣਾ ਕੰਮ ਕਿਵੇਂ ਛੱਡ ਦੇਣ? ਕਾਂਟਾ ਬਦਲਾਣ ਵਾਲਾ ਮਨੁੱਖ ਬੇ-ਪਰਵਾਹੀ ਵਿਚ ਦੋ ਗੱਡੀਆਂ ਨੂੰ ਇਕ ਹੀ ਲਾਈਨ ਤੇ ਲੈ ਆਵੇ, ਗੱਡੀਆਂ ਟੱਕਰਨ ਤੋਂ ਕਿਵੇਂ ਹਟ ਜਾਣ, ਤੇ ਟੱਕਰ ਲੱਗਿਆਂ ਜਾਨਾਂ ਦਾ ਨੁਕਸਾਨ ਕਿਵੇਂ ਨ ਹੋਵੇ? ਇਸ ਤਰ੍ਹਾਂ ਤਾਂ ਪ੍ਰਮਾਤਮਾ ਨੂੰ ਬੱਸ ਇਹੀ ਕੰਮ ਟਿਕਿਆ ਰਹੇ ਕਿ ਉਹ ਮਨੁੱਖ ਦੇ ਮੂਰਖ-ਪੁਣੇ ਤੋਂ ਪੈਦਾ ਹੋਣ ਵਾਲੇ ਦੁਖ-ਕਲੇਸ਼ ਨੂੰ ਰੋਕਣ ਲਈ ਸਦਾ ਕਰਾਮਾਤਾਂ ਕਰਦਾ ਰਹੇ। ਕੁਦਰਤੀ ਨੇਮਾਂ ਦਾ ਉਲੰਘਣ ਕੀਤਿਆਂ ਜੋ ਦੁੱਖ-ਕਲੇਸ਼ ਉਪਜਦੇ ਹਨ, ਇਹ ਸਗੋਂ ਇਨਸਾਨੀ ਭਲਾਈ ਦਾ ਹੀ ਕਾਰਨ ਬਣਦੇ ਹਨ। ਇਨਸਾਨ ਉਹਨਾਂ ਅਸੂਲਾਂ ਤੇ ਨੇਮਾਂ ਨੂੰ ਸਮਝਣ ਦੀ ਵਧੀਕ ਕੋਸ਼ਸ਼ ਕਰਦਾ ਹੈ। ਡਿੱਗ ਡਿੱਗ ਕੇ ਹੀ ਸਵਾਰ ਹੋਈਦਾ ਹੈ; ਜਦੋਂ ਮਨੁੱਖ ਕੋਈ ਨੇਮ ਤੋੜ ਕੇ ਦੁੱਖ ਸਹੇੜਦਾ ਹੈ ਤਾਂ ਅਗਾਂਹ ਵਾਸਤੇ ਵਧੀਕ ਸੁਚੇਤ ਹੋ ਜਾਂਦਾ ਹੈ, ਤੇ ਜੀਵਨ ਕਿਸੇ ਮਰਯਾਦਾ ਵਿਚ ਗੁਜ਼ਾਰਨ ਦਾ ਉੱਦਮ ਕਰਦਾ ਹੈ।

ਜਦੋਂ ਕੋਈ ਰੋਗ ਆਵੇ ਜਾਂ ਕੋਈ ਹਾਦਸਾ ਅਸਾਡੇ ਨਾਲ ਹੋ ਜਾਏ ਤਾਂ ਅਸੀਂ ਝੁਰਦੇ ਹਾਂ ਕਿ ਪਰਮਾਤਾ ਨੇ ਕੋਈ ਕਰਾਮਾਤ ਕਰ ਕੇ ਅਸਾਨੂੰ ਕਿਉਂ ਨ ਬਚਾ ਲਿਆ। ਪਰ ਸੋਚੋ, ਜੇ ਰੱਬ ਹਰੇਕ ਜੀਵ ਨੂੰ ਹਰੇਕ ਰੋਗ ਤੇ ਮੁਸੀਬਤ ਤੋਂ ਕੋਈ ਉਚੇਚੀ ਕਰਾਮਾਤ ਕਰਕੇ ਹੀ ਬਚਾ ਲਿਆ ਕਰੇ ਤਾਂ ਜਗਤ ਦੇ ਇਸ

ਸਾਰੇ 'ਪਰਬੰਧ' ਦਾ ਕੀ ਹਾਲ ਹੋਵੇ ? ਕੀ ਜਗਤ ਵਿਚ ਕੋਈ ਮਰਯਾਦਾ ਰਹਿ ਜਾਏ ? ਬਾਲ ਕਈ ਵਾਰੀ ਅੰਞਾਣ-ਪੁਣੇ ਵਿਚ ਆਪਣਾ ਹੱਥ ਅੱਗ ਵਿਚ ਪਾ ਦੇਂਦੇ ਹਨ, ਜੇ ਹਰੇਕ ਬਾਲ ਦਾ ਹਰ ਥਾਂ ਸੜਨੋਂ ਪਰਮਾਤਮਾ ਬਚਾ ਲਏ, ਤਾਂ ਅੱਗ ਦੀ ਮਰਯਾਦਾ ਦਾ ਕੀ ਇਤਬਾਰ ਰਹਿ ਜਾਏ ? ਫੇਰ, ਜੇ ਹਰੇਕ ਬੰਦੇ ਨੂੰ ਇਹੀ ਯਕੀਨ ਬਣ ਜਾਏ ਕਿ ਹਰੇਕ ਖ਼ਤਰੇ ਤੇ ਮੁਸੀਬਤ ਤੋਂ ਰੱਬ ਆਪੇ ਪਿਆ ਬਚਾਵੇਗਾ, ਤਾਂ ਇਨਸਾਨੀ ਤਰੱਕੀ ਦਾ ਕੀ ਹਾਲ ਹੋਵੇਗਾ ? ਸਾਡੀ ਸਿਆਣਪ, ਸਾਡੀ ਚੁਸਤੀ, ਸਾਡੇ ਉੱਦਮ ਸਭ ਖ਼ਤਮ ਹੋ ਜਾਣਗੇ। ਅਸਾਂ ਫਿਰ ਆਪਣੇ ਪੈਰਾਂ ਤੇ ਖਲੋਣ ਦਾ ਕਦੇ ਜਤਨ ਹੀ ਨਹੀਂ ਕਰਨਾ, ਬੇ-ਪਰਵਾਹੀ ਨਾਲ ਗਲਤੀਆਂ ਕਰਦੇ ਫਿਰਾਂਗੇ ਤੇ ਹਰ ਥਾਂ ਕਰਾਮਾਤ ਹੋਣ ਦੀ ਆਸ ਰੱਖੀ ਬੈਠਾਂਗੇ। ਕੋਈ ਮਰੀ ਪੈ ਜਾਏ, ਤਾਂ ਰੱਬ ਦੇ ਕ੍ਰੋਪ ਦਾ ਨਤੀਜਾ ਸਮਝਦੇ ਹਾਂ ; ਪਰ ਇਹ ਸਭ ਇਨਸਾਨੀ ਜਹਾਲਤ ਦਾ ਸਿੱਟਾ ਹੁੰਦੀਆਂ ਹਨ। ਗਰੀਬੀ ਤੇ ਭੁੱਖ ਰੱਬ ਦੇ ਮੱਥੇ ਲਾਂਦੇ ਹਾਂ, ਪਰ ਅਸਲ ਵਿਚ ਮਨੁੱਖ ਦੀ ਆਪਣੀ ਖ਼ਾਮੀ ਦਾ ਸਿੱਟਾ ਹਨ। ਉਂਵ ਹੈ ਇਹ ਭੀ ਰਜ਼ਾ ਵਿਚ ਤੇ ਰੱਬੀ ਪਿਆਰ ਹੀ। ਇਹ ਗਰੀਬੀ, ਮਿਹਨਤ ਤੇ ਮੁਸ਼ੱਕਤ ਹੀ ਹਨ, ਜਿਨ੍ਹਾਂ ਨੇ ਕਈ ਬੰਦਿਆਂ ਤੇ ਕੌਮਾਂ ਦੇ ਚਲਣ ਸੋਹਣੇ ਸਚੇ ਵਿਚ ਢਾਲੇ ਹਨ। ਜਿਨ੍ਹਾਂ ਨੂੰ ਮਿਹਨਤ ਦੀ ਲੋੜ ਨਹੀਂ ਪਈ, ਉਹ ਸੁਖ-ਰਹਿਣੇ ਤੇ ਆਲਸੀ ਬਣਦੇ ਗਏ। ਸਰਦੀ ਤੇ ਰੋਗ ਵਿਕਾਰ ਗਿਣੇ ਗਏ ; ਪਰ-ਸਰਦੀ ਨੇ ਘਰ ਬਣਾਨ ਦੀ ਜਾਚ ਸਿਖਾਈ, ਜਿੱਥੇ ਟੱਬਰ ਰਲ ਕੇ ਪਿਆਰ ਨਾਲ ਬੈਠਦੇ ਹਨ। ਦੁੱਖ-ਕਲੇਸ਼ ਨੇ, ਰੋਗ ਨੇ ਇਨਸਾਨੀ ਦਿਲ ਵਿਚ ਦਇਆ, ਪਿਆਰ, ਹਮ-ਦਰਦੀ ਦਾ ਜਜ਼ਬਾ ਪੈਦਾ ਕੀਤਾ, ਜਿਸ ਨੇ ਘਰ ਨੂੰ ਪਵਿਤਰ ਮੰਦਰ ਬਣਾ ਦਿੱਤਾ। ਇਨਸਾਨੀ ਬੱਚਾ ਕਿਤਨਾ ਹੀ ਚਿਰ ਅਨਾਥ ਜਿਹੀ ਹਾਲਤ ਵਿਚ ਰਹਿੰਦਾ ਹੈ, ਪਰ ਇਸ ਅਨਾਥ-ਪੁਣੇ ਨੇ ਹੀ ਕੁਦਰਤ ਵਿਚ ਸਭ ਤੋਂ ਉੱਚੀ ਹਸਤੀ 'ਮਾਂ' ਪੈਦਾ ਕਰ ਦਿੱਤੀ। ਇਨਸਾਨ ਦੇ ਬੱਚੇ ਦੀ 'ਮਾਂ'—ਕੁਦਰਤ ਦਾ ਇਹ ਸਭ ਤੋਂ ਉੱਚਾ ਕਮਾਲ ਹੈ। ਬੱਚਿਆਂ ਦੀ ਇਸ ਪਰ ਅਧੀਨਤਾ ਨੇ ਹੀ ਮਨੁੱਖ ਨੂੰ 'ਪਿਉ' ਬਣਾਇਆ ਹੈ ਤੇ ਬੱਚਿਆਂ ਦੇ ਦਿਲ ਵਿਚ ਘਰ ਦਾ ਪਿਆਰ ਪੈਦਾ ਕੀਤਾ ਹੈ। ਇਹ ਘਰ ਉਹਨਾਂ ਲਈ ਇਕ ਨਿੱਕੇ ਜਿਹੇ, ਪਰ ਸੁਚੱਜੇ ਸਕੂਲ ਦਾ ਕੰਮ ਦੇਂਦਾ ਹੈ।

ਦਰਦ-ਪੀੜ ਮਨੁੱਖਾ ਸਰੀਰ ਦੇ ਕਿਲ੍ਹੇ ਦਾ ਸੰਤਰੀ ਹੈ ; ਇਸ ਸੰਤਰੀ ਤੋਂ ਬਿਨ੍ਹਾ ਇਹ ਕਿਲ੍ਹਾ ਸਹਿਜੇ ਹੀ ਰੋਗਾਂ ਦੀ ਹੱਥੀਂ ਜਿੱਤਿਆ ਜਾਂਦਾ। ਹਕੀਮ ਜਾਂ ਡਾਕਟਰ ਨੂੰ ਰੋਗੀ ਦਾ ਇਲਾਜ ਕਰਨ ਵਿਚ ਬੜੀ ਸਹੂਲਤ ਹੋ ਜਾਂਦੀ ਹੈ। ਸਲੋਤਰੀ ਇਸ ਗੱਲੋਂ ਘਾਟੇ ਵਿਚ ਰਹਿੰਦਾ ਹੈ। ਜਿਨ੍ਹਾਂ ਰੋਗਾਂ ਵਿਚ ਮਨੁੱਖਾ ਸਰੀਰ ਦੇ ਕਿਸੇ ਖ਼ਾਸ ਅੰਗ ਵਿਚ ਸਖ਼ਤ ਦਰਦ ਹੁੰਦੀ ਹੈ, ਜੇ ਉਹ ਦਰਦ ਅਚਨਚੇਤ ਹਟ ਜਾਏ, ਤਾਂ ਸਗੋਂ ਮੌਤ ਦਾ ਖ਼ਤਰਾ ਆ ਪੈਂਦਾ ਹੈ, ਕਿਉਂਕਿ

ਦਰਦ ਦਾ ਮੂਲ ਕਾਰਨ ਹੈ ਬੀਮਾਰੀ ਦਾ ਟਾਕਰਾ। ਦਰਦ ਦੇ ਹਟਣ ਦਾ ਭਾਵ ਇਹ ਹੈ ਕਿ ਉਸ ਅੰਗ ਨੂੰ ਰੋਗ ਨੇ ਜਿੱਤ ਲਿਆ ਹੈ, ਓਥੇ ਟਾਕਰੇ ਦੀ ਹਿੰਮਤ ਨਹੀਂ ਰਹਿ ਗਈ। ਸਰੀਰਕ ਰੋਗਾਂ ਨੇ ਮਨੁੱਖ ਨੂੰ ਹਿਕਮਤ ਦੀ ਵਿੱਦਿਆ ਤੇ ਜਰਾਹੀ ਵਿਚ ਇਤਨਾ ਸਿਆਣਾ ਬਣਾ ਦਿੱਤਾ ਹੈ। ਕਈ ਦਵਾਈਆ ਐਸੀਆਂ ਲੱਭ ਪਈਆਂ ਹਨ ਜੋ ਦਰਦ ਦੇ ਟਾਕਰੇ ਤੇ ਨਸਾਂ ਨੂੰ ਬੇ-ਹਿਸ ਕਰ ਦੇਂਦੀਆਂ ਹਨ। ਇਸ ਸਰੀਰਕ ਦਰਦ ਨੇ ਹੀ ਇਨਸਾਨ ਨੂੰ ਇਹ ਸਿਖਾ ਦਿੱਤਾ ਹੈ ਕਿ ਇਸ ਦੀ ਜਾਨ ਦੇ ਲਾਗੂ ਕਿਹੜੇ ਕਿਹੜੇ ਕਾਰਨ ਮੌਜੂਦ ਹਨ, ਤੇ ਉਹਨਾਂ ਤੋਂ ਬਚਣ ਦੇ ਕਿਹੜੇ ਉਪਰਾਲੇ ਹਨ। ਸੋ, ਦੁੱਖ-ਦਰਦ ਦੀ ਹਸਤੀ ਜਗਤ ਵਿਚ ਜੀਵਾਂ ਨੂੰ ਕਿਸੇ ਨ ਕਿਸੇ ਪਾਸੇ ਵੱਲੋਂ ਉੱਚਾ ਕਰਨ ਵਾਸਤੇ ਹੈ। ਦੁੱਖ ਦਾਰੂ ਹੈ। ਦੁੱਖ-ਵਿਕਾਰ ਦੀ ਹੋਂਦ ਇਹ ਸਾਬਤ ਨਹੀਂ ਕਰਦੀ ਕਿ ਪ੍ਰਭੂ ਮਨੁੱਖ ਦੇ ਭਲੇ ਦੀ ਪਰਵਾਹ ਨਹੀਂ ਕਰਦਾ। ਦੁੱਖ ਵਿਕਾਰ ਤਾਂ ਕਿਤੇ ਰਹੇ, ਇਹ ਭੁਚਾਲ, ਝੱਖੜ, ਹੜ ਤੇ ਅੱਗਾਂ ਲੱਗਣੀਆਂ—ਇਹ ਭੀ ਸਾਬਤ ਨਹੀਂ ਕਰਦੇ ਕਿ ਰੱਬ ਨਿਰਦਈ ਹੈ। ਇਹ ਸਭ ਕੁਝ ਇਹੀ ਜ਼ਾਹਰ ਕਰਦੇ ਹਨ ਕਿ ਜਗਤ ਕਿਸੇ ਨਿਯਮਾਂ ਦੇ ਅਧੀਨ ਹੈ ; ਨਿਯਮ ਤੇ ਕਾਨੂੰਨ ਸਦਾ ਜੀਵਨ ਦੇ ਸਹਾਇਕ ਹਨ, ਬੇਨਿਯਮੇ ਜਗਤ ਵਿਚ ਜੀਵਨ ਅਸੰਭਵ ਹੈ।

ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥ (ਜਪੁਜੀ)

ਛੋਟੇ ਬਾਲਾਂ ਨੂੰ ਕਿਸੇ ਰੋਗ ਵਿਚ ਦੁਖ ਪਾਂਦਿਆਂ ਵੇਖ ਕੇ ਹੈਰਾਨ ਹੋਈਦਾ ਹੈ ਕਿ ਬਾਲ ਤਾਂ ਪਰ-ਅਧੀਨ ਹਨ, ਉਹਨਾਂ ਦੀ, ਖੁਰਾਕ ਪੁਸ਼ਾਕ ਆਦਿਕ ਦੀ ਜ਼ਿੰਮੇਵਾਰੀ ਉਹਨਾਂ ਦੇ ਆਪਣੇ ਵੱਸ ਨਹੀਂ ਹੈ, ਉਹਨਾਂ ਨੂੰ ਕਿਉਂ ਕਸ਼ਟ ਮਿਲਦੇ ਹਨ ? ਇਹ ਤਾਂ ਠੀਕ ਹੈ ਕਿ ਛੋਟੇ ਬਾਲਾਂ ਦੇ ਦੁੱਖ-ਕਸ਼ਟ ਵੇਖ ਕੇ ਵੱਡਿਆਂ ਦੇ ਦਿਲ ਵਿਚ ਦਇਆ-ਤਰਸ ਦਾ ਜਜ਼ਬਾ ਪੈਦਾ ਹੁੰਦਾ ਹੈ, ਪਰ ਛੋਟੇ ਬਾਲਾਂ ਨੂੰ ਇਸ ਵਿਚੋਂ ਕੀ ਤਕਸੀਨ ਹੈ ?

(ਚਲਦਾ)

ਜ਼ਰੂਰੀ ਬੇਨਤੀ

ਜ਼ਰੂਰੀ ਬੇਨਤੀ ਹੈ ਕਿ ਆਪਣੇ ਬਦਲੇ ਹੋਏ ਐਡਰੈਸ ਲਈ ਪੱਤ੍ਰਕਾ ਦੇ ਦਫਤਰ ਨੂੰ ਫ਼ੌਰਨ ਸੂਚਿਤ ਕਰੋ ਜੀ ਤਾਂ ਜੁ ਪਰਚਾ ਬੇਅਰਥ ਨਾ ਜਾਵੇ, ਕਿਤੇ ਰੁਲਦਾ ਨਾ ਰਹੇ ਅਤੇ ਕੋਈ ਸੱਜਣ ਇਸ ਨੂੰ ਪੜ੍ਹਕੇ ਲਾਭ ਹੀ ਨਾ ਉਠਾ ਸਕੇ।

—ਸੰਪਾਦਕ

# ਖਿਮਾ ਸੀਗਾਰ

ਡਾ: ਜਾਗੀਰ ਸਿੰਘ

ਤੁਹਾਡੇ ਪ੍ਰਤੀ ਕਿਸੇ ਨੇ ਅਵੱਗਿਆ ਕੀਤੀ ਹੈ। ਤੁਸੀਂ ਉਸ ਪ੍ਰਤੀ ਆਪਣੇ ਮਨ ਵਿਚ ਗੁੱਸਾ ਲਈ ਬੈਠੇ ਹੋ। ਇਹ ਗੁੱਸਾ ਤੁਹਾਨੂੰ ਬਹੁਤ ਹਾਨੀ ਪਹੁੰਚਾ ਸਕਦਾ ਹੈ। ਇਹ ਤੁਹਾਡੇ ਕਾਰ-ਵਿਹਾਰ ਉਤੇ ਮਾੜਾ ਅਸਰ ਪਾ ਸਕਦਾ ਹੈ। ਇਹ ਤੁਹਾਨੂੰ ਬਿਮਾਰ ਵੀ ਕਰ ਸਕਦਾ ਹੈ। ਪਰ ਜੇ ਤੁਸੀਂ ਉਸ ਨੂੰ ਮੁਆਫ ਕਰ ਦਿੰਦੇ ਹੋ ਤਾਂ ਤੁਹਾਡੀ ਸਥਿਤੀ ਇਕ ਜੇਤੂ ਵਾਲੀ ਬਣ ਜਾਂਦੀ ਹੈ। ਬਦਲਾ ਲੈਣ ਦੀ ਰੁਚੀ ਨੁਕਸਾਨ ਪੁਚਾਉਂਦੀ ਹੈ ਅਤੇ ਬਦਲਾ ਲੈਣ ਉਪਰੰਤ ਬਦਲਾ ਲੈਣ ਵਾਲਾ ਆਪਣੇ ਆਪ ਨੂੰ ਹਾਰਿਆ ਹੋਇਆ ਮਹਿਸੂਸ ਕਰਦਾ ਹੈ। ਗੁਰਬਾਣੀ ਵਿਚ ਇਸ ਪਰਸਥਿਤੀ ਵੇਲੇ ਵਿਚਰਨ ਬਾਰੇ ਇਕ ਤਰੀਕਾ ਦੱਸਿਆ ਹੋਇਆ ਹੈ। ਜੇ ਕਿਸੇ ਨੇ ਤੁਹਾਡੇ ਨਾਲ ਵਧੀਕੀ ਕੀਤੀ ਹੈ ਤਾਂ ਉਸ ਦੀ ਨਿੰਦਿਆ ਨਾ ਕਰੋ। ਸਗੋਂ ਆਪਣੇ ਅੰਦਰ ਝਾਤੀ ਮਾਰੋ ਅਤੇ ਦੇਖੋ ਕਿਤੇ ਵਧੀਕੀ ਕਰਨ ਵਾਲਾ ਠੀਕ ਹੀ ਤਾਂ ਨਹੀ:-

ਫਰੀਦਾ ਜੇ ਤੂ ਅਕਲ ਲਤੀਫ<br>
ਕਾਲੇ ਲਿਖ ਨਾ ਲੇਖ।<br>
ਆਪਨੜੇ ਗਿਰੀਵਾਨ ਮਹਿ<br>
ਸਿਰ ਨੀਵਾ ਕਰ ਦੇਖ।

ਜੇ ਪਤਾ ਲੱਗ ਹੀ ਗਿਆ ਹੈ ਕਿ ਤੁਹਾਡੇ ਨਾਲ ਜਾਣ ਬੁਝ ਕੇ ਵਧੀਕੀ ਕੀਤੀ ਗਈ ਹੈ ਤਾਂ ਉਸ ਕੋਲੋਂ ਬਦਲਾ ਲੈ ਕੇ ਆਪਣੇ ਆਪ ਨੂੰ ਹੋਰ ਨੀਵਾਂ ਨਾ ਬਣਾਓ। ਸਗੋਂ ਉਸ ਨੂੰ ਮੁਆਫੀ ਦੇ ਕੇ ਉੱਚੇ ਹੋ ਜਾਵੋ। ਫਰੀਦ ਜੀ ਦਾ ਕਥਨ ਹੈ -

ਫਰੀਦਾ ਜੋ ਤੈ ਮਾਰਨ ਮੁਕੀਆ<br>
ਤਿਨਾ ਨ ਮਾਰੇ ਘੁਮ।<br>
ਆਪਨੜੈ ਘਰਿ ਜਾਈਐ<br>
ਪੈਰ ਤਿਨਾ ਕੇ ਚੰਮ।

ਖਿਮਾ ਕਰਨਾ ਅਤੇ ਖਿਮਾ ਮੰਗਣਾ ਦੋਂਵੇ ਹੀ ਗੁਣ ਸਮਾਜ ਵਿਚ ਵਿਚਰਨ ਲਈ ਸੁਨਹਿਰੀ ਗੁਣ ਹਨ। ਖਿਮਾ ਬਹੁ-ਪਰਤੀ ਸਮਾਜਕ ਗੁਣ ਹੈ। ਖਿਮਾ ਕਰਨ ਵਾਸਤੇ ਸਹਿਨਸ਼ੀਲਤਾ ਅਤੇ ਦਇਆ ਦੀ ਲੋੜ ਹੈ। ਜੋ ਸਹਿਨਸ਼ੀਲਤ ਨਹੀਂ, ਦੂਜਿਆਂ ਦੀ ਵਧੀਕੀ ਨਹੀਂ ਸਹਾਰ ਸਕਦਾ, ਉਹ ਖਿਮਾ ਨਹੀਂ ਕਰ ਸਕਦਾ, ਜਿਸ ਵਿਚ ਹਉਮੈ ਹੈ, ਹੰਕਾਰ ਹੈ, ਉਹ ਖਿਮਾ ਮੰਗ ਵੀ ਨਹੀਂ ਸਕਦਾ। ਖਿਮਾ ਦੀ ਮਹੱਤਤਾ ਸਮਝਉਣ ਲਈ ਗੁਰਬਾਣੀ ਵਿਚ ਇਸ ਨੂੰ ਅਨੇਕ ਰੂਪਕਾਂ ਅਤੇ ਦ੍ਰਿਸ਼ਟਾਂਤਾਂ ਨਾਲ ਸਮਝਾਇਆ ਗਿਆ ਹੈ।

ਗੁਰਬਾਣੀ ਵਿਚ ਪ੍ਰਭੂ ਮਿਲਾਪ ਲਈ ਖਿਮਾਂ ਦਾ ਸੀਗਾਰ ਕਰਨ ਦਾ ਵਿਚਾਰ ਅਨੇਕ ਥਾਵਾਂ ਤੇ ਦੱਸਿਆ ਗਿਆ ਹੈ। ਬਾਬਾ ਫਰੀਦ ਜੀ ਹੋਰ ਗੁਣਾਂ ਨਾਲ ਖਿਮਾ ਅਰਥਾਤ

'ਖਵਣ ਗੁਣ' ਨੂੰ ਵੀ ਮਹੱਤਵਪੂਰਨ ਸਮਝਦੇ ਹਨ। ਉਹਨਾਂ ਦੇ ਹੇਠ ਲਿਖੇ ਸਲੋਕ ਧਾਰਮਿਕ ਜੀਵਨ ਵਿਚ ਹੀ ਨਹੀਂ ਸਗੋਂ ਸਮਾਜਿਕ ਜੀਵਨ ਵਿਚ ਵੀ ਬਹੁਤ ਲਾਹੇਵੰਦ ਸਾਬਤ ਹੋ ਸਕਦੇ ਹਨ।

ਫਰੀਦਾ ਕਵਣ ਸੁ ਅਖਰ ਕਵਣ
ਗੁਣ ਕਵਣ ਸੁ ਮਣੀਆ ਮੰਤ।
ਕਵਣ ਸੁ ਵੇਸੋ ਹਉ ਕਰੀ ਜਿਤ
ਵਸ ਆਵੈ ਕੰਤ

ਉੱਤਰ ਹੈ : ਨਿਵਣ ਸੁ ਅਖਰ ਖਵਣ ਗੁਣ ਜਿਹਬਾ ਮਣੀਆ ਮੰਤ।
ਇਹ ਤ੍ਰੈ ਭੈਣੇ ਵੇਸ ਕਰਿ ਤਾ ਵਸ ਆਵੀ ਕੰਤ।

ਇਹ ਵੇਸ ਕੇਵਲ ਕੰਤ ਨੂੰ ਹੀ ਨਹੀਂ ਸਗੋਂ ਹਰ ਕਿਸੇ ਨੂੰ ਰਿਝਾ ਸਕਦਾ ਹੈ। 'ਖਿਮਾਂ ਸੀਗਾਰ' ਦਾ ਵਰਣਨ ਹੋਰ ਤੁਕਾਂ ਵਿਚ ਵੀ ਮਿਲਦਾ ਹੈ।

ਮਨ ਮੋਤੀ ਜੇ ਗਹਣਾ ਹੋਵੈ
ਪਾਉਣ ਹੋਵੈ ਸੂਤਧਾਰੀ।
ਖਿਮਾਂ ਸੀਗਾਰ ਕਾਮਣਿ ਤਨਿ
ਗਾਵੈ ਲਾਲ ਪਿਆਰੀ।

ਅਰਥਾਤ-ਇਹ ਜੀਵ ਇਸਤਰੀ ਆਪਣੇ ਮਨ ਨੂੰ ਸੁੱਚੇ ਮੋਤੀਆਂ ਵਰਗਾ ਗਹਿਣਾ ਬਣਾ ਲਏ ਮੋਤੀਆਂ ਦੀ ਮਾਲਾ ਬਣਾਉਣ ਲਈ ਧਾਗੇ ਦੀ ਲੋੜ ਪੈਂਦੀ ਹੈ ਜੇ ਸੁਆਸ ਸੁਆਸ ਦਾ ਸਿਮਰਨ ਮੋਤੀ ਪਰੋਣ ਲਈ ਧਾਗਾ ਬਣੇ, ਜੋ ਦੂਨੀਆਂ ਦੀ ਵਧੀਕੀ ਸਹਾਰ ਲੈਣ ਭਾਵ ਖਿਮਾਂ ਦੇ ਸੁਭਾਵ ਨੂੰ ਜੀਵ ਇਸਤਰੀ ਸ਼ਿੰਗਾਰ ਬਣਾ ਕੇ ਆਪਣੇ ਸਰੀਰ ਉਤੇ ਪਹਿਨ ਲਏ ਤਾਂ ਪਤੀ ਪ੍ਰਭੂ ਨੂੰ ਪਿਆਰੀ ਹੋ ਕੇ ਉਸ ਨੂੰ ਮਿਲ ਪੈਂਦੀ ਹੈ।

ਖਿਮਾਂ ਬੜਾ ਉੱਤਮ ਗੁਣ ਹੈ। ਇਸ ਨੂੰ ਧਨ ਵਾਂਗ ਕਮਾਉਣ ਅਤੇ ਸੰਭਾਲਣ ਦਾ ਉਪਦੇਸ਼ ਹੈ:-

ਬਕੈ ਨ ਬੋਲੈ ਖਿਮਾਂ ਧਨੁ
ਸੰਗ੍ਰਹੈ ਤਾਮਸੁ ਨਾਮਿ ਜਲਾਏ।
ਰਾਮ ਰਵੰਤਾ ਜਾਣੀਐ
ਇਕ ਮਾਈ ਭੋਗ ਕਰੇਇ।
ਤਾ ਕੇ ਲਖਣ ਜਾਣੀਅਹਿ ਖਿਮਾਂ ਧਨ ਸੰਗ੍ਰਹੇਇ।

ਜਿਥੇ ਗੁਰਬਾਣੀ ਵਿਚ ਧਾਰਮਿਕ ਕਰਮਕਾਂਡਾਂ ਦਾ ਜ਼ਿਕਰ ਹੁੰਦਾ ਹੈ ਉਥੇ ਖਿਮਾ ਗੁਣ ਦੀ ਮਹੱਤਤਾ ਨੂੰ ਦ੍ਰਿੜ ਕਰਵਾਇਆ ਜਾਂਦਾ ਹੈ:-

**ਖਿਮਾ ਗਹੀ ਬ੍ਰਤ ਸੀਲ ਸੰਤੋਖੰ।**
**ਰੋਗ ਨ ਬਿਆਪੈ ਨਾ ਜਮ ਦੋਖੰ।**

ਖਿਮਾਂ ਬਾਰੇ ਗੁਰਬਾਨੀ ਵਿਚ ਕੁਝ ਹੋਰ ਤੁਕਾਂ ਵੀ ਵਾਚਣ ਯੋਗ ਹਨ:-

**ਖੋਜਤ ਖੋਜਤ ਅੰਮ੍ਰਿਤ ਪੀਆ ।**
**ਖਿਮਾਂ ਗਹੀ ਮਨੁ ਸਤਿਗੁਰ ਦੀਆ ।**
**ਸਤ ਸੰਤੋਖ ਰਹਹੁ ਜਨ ਭਾਈ ।**
**ਖਿਮਾ ਗਹਹੁ ਸਤਿਗੁਰ ਸਰਣਾਈ ।**
**ਸਚ ਵਰਤੁ ਸੰਤੋਖ ਤੀਰਥ ਗਿਆਨ ਧਿਆਨ ਇਸਨਾਨ**
**ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸੁ ਪਰਧਾਨ ।**

ਕਬੀਰ ਜੀ ਦਾ ਕਥਨ ਹੈ ਜਿਥੇ ਖਿਮਾਂ ਹੈ ਉਥੇ ਪ੍ਰਮਾਤਮਾ ਆਪ ਵਸਦਾ ਹੈ:-
**ਕਬੀਰਾ ਜਹਾਂ ਗਿਆਨ ਤਹ ਧਰਮ ਹੈ**
**ਜਹਾ ਝੂਠ ਤਾ ਪਾਪੁ ।**
**ਜਹਾ ਲੋਭ ਤਾ ਕਾਲੁ ਹੈ**
**ਜਹਾਂ ਖਿਮਾ ਤਹ ਆਪ ।**

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੀ ਬਾਣੀ ਵਿਚ ਸੰਨਿਆਸ ਦਾ ਜ਼ਿਕਰ ਕਰਦਿਆਂ ਖਿਮਾਂ ਗੁਣ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ:-

**ਅਲਪ ਅਹਾਰ ਸੁਲਪ ਸੀ ਨਿਦ੍ਰਾ**
**ਦਯਾ ਛਿਮਾ ਤਨ ਪ੍ਰੀਤ ।**

ਗੁਰੂ ਸਹਿਬ ਦੀ ਸੇਵਾ ਵਿਚ ਇਕ ਵਾਰ ਸਿੱਖਾਂ ਨੇ ਧਰਮ ਸੰਬੰਧੀ ਪ੍ਰਸ਼ਨ ਪੁੱਛੇ ਜਿਹਨਾਂ ਦੇ ਉਤਰ ਵਿਚ ਗੁਰੂ ਜੀ ਨੇ ਬਚਨ ਕੀਤੇ ।

ਖਿਮਾ ਕਰਨੀ ਜਿਉਂ ਜਿਉਂ ਵੱਡੇ ਹੋਣਾ ਤਿਉਂ ਤਿਉਂ ਨਿਮਰਤਾ ਰਖਣੀ ।

ਜਿਸਦਾ ਕੋਈ ਵਾਲੀ ਨਹੀਂ ਉਸ ਦੀ ਸਰਪ੍ਰਸਤੀ ਕਰਨੀ । ਮਰਾਤਬੇ ਪਾ ਕੇ ਗਰਬ ਨਹੀਂ ਕਰਨਾ ।

ਭਾਈ ਬਾਲੇ ਵਾਲੀ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਇਕ ਰਾਣੀ ਨੂੰ ਦਿੱਤੇ ਉਪਦੇਸ਼ ਵਿਚ ਵੀ ਖਿਮਾਂ ਧਾਰਨ ਕਰਨ ਲਈ ਆਦੇਸ਼ ਹੈ:-

ਨਿਵਣਾ ਸਭ ਅੱਗੇ, ਖਿਮਾਂ
ਕਰਨੀ, ਮਿਠਾ ਬੋਲਣਾ
ਇਹ ਬਚਨ ਤੂੰ ਦ੍ਰਿੜ ਰੱਖਣੈ ।

ਸੂਰਜ ਪ੍ਰਕਾਸ਼ ਵਿਚ ਗੁਰੂ ਅਮਰਦਾਸ ਜੀ ਦਾ ਉਪਦੇਸ਼ ਜੋ ਉਹਨਾਂ ਸਿੱਖਾਂ ਗੋਖੀ ਮੋਹਰੀ

ਰਾਮੂ ਅਤੇ ਅਮਰੂ ਨੂੰ ਦਿੱਤਾ ਇਸ ਪ੍ਰਕਾਰ ਹੈ:-

ਸਹਿਨ ਸ਼ੀਲਤਾ ਛਿਮਾ ਧਰੀਜੈ ।
ਕਿਸਿ ਕੈ ਸੰਗ ਨ ਦ੍ਵੇਸ਼ ਰਚੀਜੈ ।
ਬਾਕ ਕਠੋਰ ਅਨਾਦਰ ਕਰੇ ।
ਸੁਨ ਕਰ ਤਪਹਿ ਨਾ ਰਿਸ ਕਬਿ ਧਰੇ ।

ਇਸੇ ਤਰ੍ਹਾਂ ਗੁਰੂ ਹਰਿਕਿਸ਼ਨ ਜੀ ਦਾ ਰਾਜਾ ਜੈ ਸਿੰਘ ਨੂੰ ਉਪਦੇਸ਼ ਹੈ :-

ਕਰਨੀ ਛਿਮਾ ਮਹਾਤਮ ਜਾਨ
ਛਿਮਾ ਕਰਨ ਹੀ ਦੈਬੋ ਮਾਨ ।
ਛਿਮਾ ਸਕਲ ਤੀਰਥ ਇਸਨਾਨ ।
ਛਿਮਾ ਕਰਤ ਨਰ ਕੀ ਕਲਯਾਨ ।
ਛਿਮਾ ਸਮਾਨ ਮਹਾਨ ਗੁਨ ਨਾਹੀ ।
ਯਾ ਤੇ ਛਿਮਾ ਧਰਹੁ ਮਨ ਮਾਹੀ ।
ਸਦਗੁਨ ਕੋ ਨਹਿ ਤਯਾਗਨ ਕੀਜੈ ।
ਸਦਾ ਹਿਦੈ ਮਹਿ ਇਥਿਰ ਕੀਜੈ ।

ਸਮੁਚੇ ਰੂਪ ਵਿਚ ਵਾਚਿਆਂ ਪਤਾ ਲਗਦਾ ਹੈ ਕਿ ਖਿਮਾਂ ਧਰਮ ਵਿਚ ਇਹ ਮਹੱਤਵਪੂਰਨ ਗੁਣ ਹੈ ਇਸ ਨੂੰ ਧਾਰਨ ਕਰਨ ਨਾਲ ਸਮਾਜ ਸੁਖਾਵਾਂ ਬਣਦਾ ਹੈ । ਅਜੋਕੇ ਸਿੱਖ ਸਮਾਜ ਵਿਚ ਇਹ ਗੁਣ ਘੱਟ ਰਿਹਾ ਹੈ । ਆਮ ਵਿਵਹਾਰ ਵਿਚ ਅਤੇ ਅਖਬਾਰਾਂ ਵਿਚ ਵੀ ਛਪੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਆਪਣੇ ਆਪ ਨੂੰ ਸਿੱਖੀ ਦੇ ਅਲੰਬਰਦਾਰ ਸਮਝਣ ਵਾਲੇ ਆਗੂ ਕਿਵੇਂ ਇਕ ਦੂਜੇ ਪ੍ਰਤੀ ਕੌੜੇ ਵਿਚਾਰ ਪ੍ਰਗਟਾਉਂਦੇ ਹਨ । ਕਈ ਵਾਰ ਤਾਂ ਉਹਨਾਂ ਦੀ ਬਾਣੀ ਵਿਚ ਆਸਥਾ ਤੇ ਸ਼ੰਕਾ ਹੁੰਦੀ ਹੈ । ਧਿਆਨ ਦੇਈਏ ਖਿਮਾਂ ਤੋਂ ਬਿਨ੍ਹਾਂ ਸਾਡਾ ਕੀ ਹਾਲ ਹੋ ਸਕਦਾ ਹੈ ।

ਖਿਮਾ ਵਿਹੂਣੇ ਖਪਿ ਗਏ
ਖੂਹਣਿ ਲੱਖ ਅਸੰਖ
ਗਣਤ ਨ ਆਵੈ ਕਿਉ ਗਣੀ
ਖਪਿ ਖਪਿ ਮੁਏ ਬਿਸੰਖ ॥

—0—

## ਲੇਖ਼ਕਾਂ ਪ੍ਰਤੀ ਨੋਟ

**ਲੇਖਕਾਂ ਅੱਗੇ ਬੇਨਤੀ ਕੀਤੀ ਜਾਂਦੀ ਹੈ ਕਿ ਸਾਨੂੰ ਲੇਖ ਭੇਜਣ ਤੋਂ ਪਹਿਲਾਂ ਆਪਣੇ ਲੇਖ ਵਿਚ ਆਈਆਂ ਗੁਰਬਾਣੀ ਦੀਆਂ ਤੁਕਾਂ ਦੇ ਸ਼ਬਦ-ਜੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਚੰਗੀ ਤਰ੍ਹਾਂ ਸੋਧ ਲੈਣ । ਲੇਖ ਕਾਗਜ਼ ਦੇ ਇਕ ਪਾਸੇ ਹੀ ਸਾਫ ਸਾਫ ਲਿਖਿਆ ਹੋਵੇ ਜਾਂ ਟਾਈਪ ਕੀਤਾ ਹੋਵੇ ਨਾ ਪੜ੍ਹੇ ਜਾ ਸਕਣ ਵਾਲੇ ਲੇਖ ਛਾਪਣ ਤੋਂ ਅਸਮਰਥ ਹੋਵਾਂਗੇ ਜੀ ।**

**—ਸੰਪਾਦਕ**

# ਰਾਗ ਤਿਲੰਗ

ਬੰਦਿਸ਼ ਕਰਤਾ : ਭਾਈ ਸਮੁੰਦ ਜੀ

ਸੁਰ ਲਿਪੀਕਾਰ : ਪ੍ਰੋ: ਪਰਮਜੋਤ ਸਿੰਘ (ਸਵਰ-ਸਮੁੰਦ)

**ਨੋਟ :** ਅਸੀਂ ਪੁਰਾਣੇ ਰਾਗੀਆਂ ਦੀਆਂ ਰੀਤਾਂ ਦੀਆਂ ਨੋਟੇਸ਼ਨਾਂ ਤਿਆਰ ਕਰਕੇ ਛਾਪਣ ਦਾ ਜਤਨ ਕਰ ਰਹੇ ਹਾਂ। ਇਸ ਅੰਕ ਵਿੱਚ ਅਸੀਂ ਭਾਈ ਸਮੁੰਦ ਸਿੰਘ ਜੀ ਦੀ ਰੀਤ ਦੀ ਨੋਟੇਸ਼ਨ ਛਾਪ ਰਹੇ ਹਾਂ। ਪ੍ਰੋ: ਪਰਮਜੋਤ ਸਿੰਘ ਜਿਹਨਾਂ ਨੇ ਭਾਈ ਸਾਹਿਬ ਦੀ ਗਾਇਕੀ ਨੂੰ ਅਪਨਾਇਆ ਹੈ- ਇਸ ਕਾਰਜ ਵਿੱਚ ਸਹਾਇਤਾ ਕਰ ਰਹੇ ਹਨ।

ਸਥਾਈ :

1 2 3 4 5 6 7 8 9 10 11 12 13 14 15 16

ਗਾ ਮ
ਤ ਉ

ਪਾ ਸਾਂ ਨੀ ਸਾਂ ਨ਼ੀ ਪਾ ਗ ਮਾ ਗਾ — — ਸ ਗਾ ਮ — —
ਦਰ ਸ ਨ ਕੀ ਕ ਰ ਉ ਸ ਮਾ S S S ਇ S S S
O 3 X 2

ਗਾ ਮਾ ਗ ਮਾ ਪਾ — ਨੀ ਨੀ ਸਾਂ ਸਾਂ ਨ਼ੀ ਪਾ ਮਾ — ਗਾ —
ਮੈਂ S ਦ ਰ ਮਾ S ਗ ਤ ਭੀ S ਖਿ ਆ ਪਾ S ਇ S
O 3 X 2

ਗਾ ਮ ਗ ਮ ਪਾ — ਨੀ ਨੀ ਸਾਂ ਸਾਂ ਨ਼ੀ ਪਾ ਮਾ ਗ ਗ ਮਾ
ਮੈਂ S ਦ ਰ ਮਾ S ਗ ਤ ਭੀ S ਖਿ ਆ ਪਾ ਇ ਤ ਉ
O 3 X 2

ਅੰਤਰਾ :

ਗਾ ਮਾ ਗਾ ਮਾ ਪਾ — ਨੀ — ਸਾਂ ਸਾਂ ਸਾਂ ਸਾਂ ਨੀ ਨੀ ਸਾਂ ਸਾਂ
ਭ ਉ ਤੇ ਰਾ ਭਾਂ S ਗ S ਖਲ ੜੀ ਮੇ ਰਾ ਢੀ S ਤ S
O 3 X 2

ਪਾ ਪਾ ਪਾ ਪਾ ਪਾ ਸਾਂ ਰੇਂ ਗਾਂ ਗਾਂ ਸਾਂ ਨ਼ੀ ਨ਼ੀ
ਮੈਂ S S ਦੀ ਵਾ S ਨਾ S S ਭ ਇਆ ਅ ਤੀ S ਤ S
O 3 X 2

ਗਾ ਮ ਗਾ ਮਾ ਪਾ ਸਾਂ ਨੀ ਪਾ ਗਾ ਗਾ ਗਾ ਮਾ ਗਾ — ਮਾ --
ਕ ਰ ਕਾ S ਸਾ S ਦ ਰ ਸ ਨ ਕੀ S ਭੁ S ਖ S
O 3 X 2

ਗਾ ਮਾ ਗਾ ਮਾ ਪਾ — ਨੀ ਨੀ ਸਾਂ ਸਾਂ ਨ਼ੀ ਪਾ ਗਾ — ਮਾ —
ਮੈਂ S ਦ ਰ ਮਾ S ਗ ਉ ਨੀ S ਤਾ S ਨੀ S ਤ S

ਗਾ ਮਾ ਗਾ ਮਾ
ਭੀ ਤ ਤ ਉ

# ਤਿਲੰਗ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥
ਮੈ ਦੇਵਾਨਾ ਭਇਆ ਅਤੀਤ ॥
ਕਰ ਕਾਸਾ ਦਰਸਨ ਕੀ ਭੂਖ ॥
ਮੈ ਦਰਿ ਮਾਗਉ ਨੀਤਾ ਨੀਤ ॥ ੧ ॥
ਤਉ ਦਰਸਨ ਕੀ ਕਰਉ ਸਮਾਇ ॥
ਮੈ ਦਰਿ ਮਾਗਤੁ ਭੀਖਿਆ ਪਾਇ ॥ ੧ ॥ ਰਹਾਉ ॥
ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ੨ ॥
ਘਿਅ ਪਟ ਭਾਂਡਾ ਕਹੈ ਨ ਕੋਇ ॥
ਐਸਾ ਭਗਤੁ ਵਰਨ ਮਹਿ ਹੋਇ ॥
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥
ਨਾਨਕ ਤਿਨ ਦਰਿ ਭੀਖਿਆ ਪਾਇ ॥ ੩ ॥ ੧ ॥ (ਪੰਨਾ ੭੧੨)

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ : (ਹੇ ਪ੍ਰਭੂ !) ਮੈਂ ਤੇਰੇ ਦਰ ਤੇ ਮੰਗਤਾ ਹਾਂ, ਮੈਂ ਤੇਰੇ ਦੀਦਾਰ ਦੀ ਸਦਾਅ ਕਰਦਾ ਹਾਂ, ਮੈਨੂੰ (ਆਪਣੇ ਦੀਦਾਰ ਦਾ) ਖ਼ੈਰ ਪਾ ।੧ ਰਹਾਉ ।

ਤੇਰਾ ਡਰ ਅਦਬ ਮੇਰੇ ਵਾਸਤੇ ਭੰਗ ਹੈ, ਮੇਰਾ ਮਨ (ਇਸ ਭੰਗ ਨੂੰ ਸਾਂਭ ਕੇ ਰੱਖਣ ਲਈ) ਗੁੱਥੀ ਹੈ । (ਤੇਰੇ ਡਰ-ਅਦਬ ਦੀ ਭੰਗ ਨਾਲ) ਮੈਂ ਨਸ਼ਈ ਤੇ ਵਿਰਕਤ ਹੋ ਗਿਆ ਹਾਂ । ਮੇਰੇ ਦੋਵੇਂ ਹੱਥ (ਤੇਰੇ ਦਰ ਤੋਂ ਖ਼ੈਰ ਲੈਣ ਵਾਸਤੇ) ਪਿਆਲਾ ਹਨ, (ਮੇਰੇ ਆਤਮਾ ਨੂੰ ਤੇਰੇ) ਦੀਦਾਰ ਦੀ ਭੁੱਖ (ਲੱਗੀ ਹੋਈ) ਹੈ, (ਇਸ ਵਾਸਤੇ) ਮੈਂ (ਤੇਰੇ) ਦਰ ਤੇ ਸਦਾ (ਦੀਦਾਰ ਦੀ ਮੰਗ ਹੀ) ਮੰਗਦਾ ਹਾਂ । ੧।

ਕੇਸਰ, ਫੁੱਲ, ਕਸਤੂਰੀ ਤੇ ਸੋਨਾ (ਇਹਨਾਂ ਦੀ ਭਿੱਟ ਕੋਈ ਨਹੀਂ ਮੰਨਦਾ, ਇਹ ਸਭਨਾਂ ਦੇ ਸਰੀਰਾਂ ਤੇ ਵਰਤੇ ਜਾਂਦੇ ਹਨ । ਚੰਦਨ ਸਭ ਨੂੰ ਸੁਗੰਧੀ ਦੇਂਦਾ ਹੈ, ਅਜੇਹਾ ਹੀ ਸੁਭਾਉ (ਤੇਰੇ) ਭਗਤਾਂ ਦਾ ਹੈ । ੨ ।

ਰੇਸ਼ਮ ਤੇ ਘਿਉ ਦੇ ਭਾਂਡੇ ਬਾਰੇ ਕਦੇ ਕੋਈ ਮਨੁੱਖ ਪੁੱਛ ਨਹੀਂ ਕਰਦਾ (ਕਿ ਇਹਨਾਂ ਨੂੰ ਕਿਸ ਕਿਸ ਦਾ ਹੱਥ ਲੱਗ ਚੁਕਾ ਹੈ) । (ਹੇ ਪ੍ਰਭੂ ! ਤੇਰਾ) ਭਗਤ ਭੀ ਅਜੇਹਾ ਹੀ ਹੁੰਦਾ ਹੈ, ਭਾਵੇਂ ਉਹ ਕਿਸੇ ਹੀ ਜਾਤਿ ਵਿਚ (ਜੰਮਿਆ) ਹੋਵੇ ।

ਹੇ ਨਾਨਕ ! (ਪ੍ਰਭੂ-ਦਰ ਤੇ ਅਰਦਾਸ ਕਰ ਤੇ ਆਖ-ਹੇ ਪ੍ਰਭੂ !) ਜੋ ਬੰਦੇ ਤੇਰੇ ਨਾਮ ਵਿਚ ਲੀਨ ਰਹਿੰਦੇ ਹਨ ਲਿਵ ਲਾਈ ਰੱਖਦੇ ਹਨ, ਉਹਨਾਂ ਦੇ ਦਰ ਤੇ (ਰੱਖ ਕੇ ਮੈਨੂੰ ਆਪਣੇ ਦਰਸਨ ਦਾ) ਖੈਰ ਪਾ । ੩ ੧ । ੨ ।

# ਪੁਰਾਤਨ ਸੰਗੀਤਕਾਰਾਂ ਦੀ ਦਾਸਤਾਨ

## (ਫਨਕਾਰ ਖ਼ਾਂ ਸਾਹਿਬ ਮੀਆਂ ਆਲਮਗੀਰ ਬੈਂਡ-ਮਾਸਟਰ)

(ਪਿਛਲੇ ਅੰਕ ਨੰ: 17 ਤੋਂ ਅੱਗੇ)

— ਟੀ. ਸੀ. ਨਾਗਪਾਲ

ਦਾਸ ਪਿਛਲੇ ਲੇਖਾਂ ਵਿਚ ਜ਼ਿਕਰ ਕਰ ਆਇਆ ਹੈ ਕਿ ਆਪਣੇ ਬਜ਼ੁਰਗ ਤੇ ਅਜ਼ੀਜ਼ ਪਾਠਕਾਂ ਨੂੰ ਖ਼ਾਂ ਸਾਹਿਬ ਮੀਆਂ ਆਲਮਗੀਰ ਦੀ ਅਜ਼ੀਜ਼ ਫ਼ਨਕਾਰੀ ਯਾ ਇਲਮੇ ਮੌਸੀਕੀ ਦੀ ਹੁਨਰਮੰਦੀ ਬਾਰੇ ਕੁਝ ਕੁ ਜਾਣਕਾਰੀ ਦੇਵੇਗਾ। ਇਸ ਮਜ਼ਮੂਨ ਵਿਚ ਦਾਸ ਖਾਸ ਕਰ Top ability in classical music of Late Khan Sahib Alamgir S/o Late Jahangir-Asli Band-master Amritsar ਦਾ ਹੀ ਜ਼ਿਕਰ ਕਰੇਗਾ।

ਸ੍ਰੀ ਅੰਮ੍ਰਿਤਸਰ ਦੇ ਇਸ ਨਾ-ਨਜ਼ੀਰ ਇਤਿਹਾਸਕ ਵਾਦਨ ਅਤੇ ਕਲਾਸੀਕਲ ਗਾਇਕ ਫ਼ਨਕਾਰ "ਖ਼ਾਂ ਸਾਹਿਬ ਮੀਆਂ ਆਲਮਗੀਰ ਬੈਂਡ-ਮਾਸਟਰ" ਦੀ ਕੁਝ ਦਿਲਚਸਪ ਦਾਸਤਾਨ ਹੈ ਜੋ ਕਿ ਦੇਸ਼ ਦੀ ਵੰਡ ਸਮੇਂ ਸੰਨ 1947 ਵਿਚ ਜਦ ਲਾਹੌਰ ਗਏ ਤਾਂ ਆਪਣੀ ਵਾਦਨ-ਕਲਾ ਵੀ ਨਾਲ ਹੀ ਲੈ ਗਏ। ਆਪ ਜੀ ਭਾਵੇਂ ਨਾ ਤਾਂ ਕੀਰਤਨਕਾਰ ਹੀ ਸਨ ਅਤੇ ਨਾ ਹੀ ਪਬਲਿਕ ਸਟੇਜਾਂ ਤੇ ਕੋਈ ਗਾਇਕੀ ਹੀ ਪੇਸ਼ ਕਰਦੇ ਸਨ ਪਰ ਹਕੀਕਤਨ ਆਪ ਜੀ ਇਕ ਮਿਆਰੀ Top Classical Singer ਸਨ। ਕਿੱਤੇ ਜਾਂ ਧੰਧੇ ਵਜੋਂ ਆਪ ਜੀ ਆਪਣੇ ਸਮੇਂ ਦੇ ਅੰਮ੍ਰਿਤਸਰ ਦੇ ਇਕ ਨਾ-ਨਜ਼ੀਰ (unique) ਬੈਂਡ-ਮਾਸਟਰ ਸਨ। ਆਪ ਉਸਤਾਦੇ-ਆਜ਼ਮ ਮਰਹੂਮ ਭਾਈ ਲਾਲ ਜੀ ਦੇ ਹੋਣਹਾਰ ਸ਼ਾਗਿਰਦ ਸਨ। ਆਪ ਜੀ ਜਦ ਅਪ੍ਰੈਲ 1960 ਵਿਚ ਲਾਹੌਰ ਵਿਖੇ ਹੀ ਅੱਲਾ ਨੂੰ ਪਿਆਰੇ ਹੋਏ ਤਾਂ ਦਾਸ ਨੂੰ ਭਾਈ ਸਾਹਿਬ ਭਾਈ ਲਾਲ ਜੀ ਦੀ 28.6.1960 ਦੀ ਲੈਟਰ ਪੁੱਜੀ ਜਿਸ ਵਿਚ ਉਨ੍ਹਾਂ ਨੇ ਖਾਂ ਸਾਹਿਬ ਬਾਰੇ ਇੰਜ ਆਪਣੇ ਖ਼ਿਆਲਾਤ ਦਾ ਇਜ਼ਹਾਰ ਫੁਰਮਾਇਆ, 'ਆਲਮਗੀਰ ਖਾਂ ਸਵਾ ਦੋ ਮਹੀਨੇ ਹੋਏ, ਦੁਨੀਆਂ ਫ਼ਾਨੀ ਤੋਂ ਕੂਚ ਕਰ ਗਏ ਹਨ। ਇਨ੍ਹਾਂ ਦੇ ਮਰ ਜਾਣ ਦਾ ਬੜਾ ਹੀ ਅਫਸੋਸ ਹੈ। ਅਜਿਹਾ ਆਦਮੀ ਪੈਦਾ ਹੋਣਾ ਮੁਸ਼ਕਲ ਹੈ।"

ਆਪ ਜੀ ਵੈਸੇ ਹੀ ਰਿਆਜ਼ ਦੇ ਤੌਰ ਤੇ ਆਪਣੇ ਸਜਣਾ-ਦੋਸਤਾਂ ਸਾਹਮਣੇ ਗਲੇ (ਕੰਠ) ਨਾਲ ਭੀ ਭਰਪੂਰ ਸ਼ਾਸਤਰੀ ਗਾਇਕੀ ਕਰ ਦਿਖਾਉਂਦੇ ਸਨ। ਪਰ ਧੰਧੇ ਦੇ ਤੌਰ ਤੇ ਆਪ ਜੀ ਆਪਣੇ ਚਾਲੀ ਆਦਮੀਆਂ ਦੇ ਸੈੱਟ ਵਿਚ ਕਲਾਰਨੇਟ ਹੀ ਵਜਾਉਂਦੇ ਸਨ। ਆਪ ਜੀ ਦੀ ਫ਼ਨੀ-ਕਾਬਲੀਅਤ ਦਾ ਅੰਦਾਜ਼ਾ ਕੁਝ ਇੰਜ ਲਗਾਇਆ ਜਾ ਸਕਦਾ ਹੈ ਕਿ ਆਪ ਜੀ ਸਾਡੇ ਮਸ਼ਹੂਰ ਉਸਤਾਦ ਕਲਾਕਾਰ ਨਾ-ਨਜ਼ੀਰ ਸ਼ਹਿਨਾਈ-ਨਵਾਜ਼ ਸ੍ਰੀ ਬਿਸ ਮਿੱਲਾ ਖਾਂ ਦੀ ਪੱਧਰ ਜਾਂ ਮਿਆਰ (Standard) ਦੇ ਕਲਾਕਾਰ ਸਨ। ਫਰਕ ਵਿਚ ਸਿਰਫ਼ ਸਾਜ਼ ਦਾ ਹੀ ਸੀ। ਆਪ ਜੀ ਪਾਸ ਕਲਾਰਨੈਟ ਤੋਂ ਇਲਾਵਾ ਦੋ ਜਾਂ ਢਾਈ

ਇੰਚੀ ਸਾਈਜ਼ ਦੀ ਨਾਲੀ ਦਾ ਕਾਲੇ ਰੰਗ ਦਾ ਇਕ ਹੋਰ ਸਾਜ਼ ਭੀ ਹੁੰਦਾ ਸੀ ਜੋ ਕਿ ਗ਼ਾਲਬਨ ਜਾਪਾਨੀ ਸਾਜ਼ ਸੀ। ਜਦ ਆਪ ਜੀ ਕਦੇ ਕਦੇ ਕਿਸੇ ਬਰਾਤ ਨਾਲ ਇਹ ਵਜਾਉਂਦੇ ਤਾਂ ਇੰਜ ਭਾਸਦਾ ਜਿਵੇਂ ਸੁਰ ਵਿਚ ਜ਼ੋਰਦਾਰ ਬੱਦਲ-ਗਰਜਣਾ ਹੋ ਰਹੀ ਹੋਵੇ। ਆਪ ਜੀ ਦੇ ਬ੍ਰਾਸ ਬੈਂਡ ਦਾ ਸੈੱਟ ਚਾਲੀ ਆਦਮੀਆਂ ਤੇ ਮੁਸ਼ਤਮਿਲ ਹੁੰਦਾ ਸੀ, ਜਿਸ ਵਿਚ ਘੱਟੋ ਘੱਟ ਚੌਥਾ ਹਿੱਸਾ ਕਲਾਰਨੈਟ ਟਰੇਂਡ ਮਾਸਟਰ ਮੋਨੀਟਰ ਟਾਈਪ ਹੁੰਦੇ ਸਨ।

ਹਾਂ! ਉੱਪਰ ਲਫ਼ਜ਼ ਇਲਮ ਅਤੇ ਇਲਮ-ਦੋਸਤ ਸਬੱਬ ਨਾਲ ਅੰਕਿਤ ਹੋਏ ਹਨ। ਇਸ ਤੋਂ ਦਾਸ ਨੂੰ ਖਿਆਲ ਆ ਗਿਆ ਕਿ ਚਾਰ ਅੱਖਰ ਇਸ ਸੰਬੰਧ ਵਿਚ ਭੀ ਆਪਣੇ ਅਜ਼ੀਜ਼ ਅਤੇ ਬਜ਼ੁਰਗ ਪਾਠਕਾਂ ਸਾਹਮਣੇ ਰੱਖੇ। ਉਮੀਦ ਕਰਦਾ ਹਾਂ ਕਿ ਪਾਠਕ ਸੱਜਣ ਇਸ ਦੀ ਇਜਾਜ਼ਤ ਦੇਣਗੇ ਅਤੇ ਜੇ ਕਰ ਮਜ਼ਮੂਨ ਥੋੜ੍ਹਾ ਕੁ ਲੰਬਾ ਭੀ ਹੋ ਜਾਵੇ ਤਾਂ ਬੋਰ ਨਹੀਂ ਹੋਣਗੇ; ਧੰਨਵਾਦ।

ਇਕ ਉਰਦੂ ਸ਼ੇਅਰ ਹੈ : ਇਲਮ ਕੇ ਬੈਹਰ ਮੇਂ ਜੋ ਭੀ ਨਹਾਇਆ ਹੈ।
ਜ਼ਿੰਦਗੀ ਕਾ ਲੁਤਫ ਫਿਰ ਉਸੀ ਕੋ ਆਇਆ ਹੈ।

ਇਲਮ ਸਿਰਫ਼ ਅੱਖਰੀ ਜਾਂ ਕਿਤਾਬੀ ਇਲਮ ਹੀ ਨਹੀਂ। ਦਾਸ ਦੀ ਦਾਨਿਸ਼ਤ ਵਿਚ ਇਲਮ ਯਾਨੀ ਜਾਣਕਾਰੀ (Knowledge) ਹੁਨਰ ਫ਼ਨ ਆਰਟ ਵਗੈਰਾ ਸੈਂਕੜੇ ਕਿਸਮ ਦੇ ਹਨ। ਮਸਲਨ : ਇਲਮੇ-ਇਖ਼ਲਾਕ, ਇਲਮੇ-ਅਦਬ, ਇਲਮੇ-ਮੌਸੀਕੀ ਇਲਮੇ-ਮਾਰਫਤ. ਇਲਮੇ-ਨਜੂਮ, ਇਲਮੇ ਹੈਈਅਤ ਯਾਨੀ ਆਸਮਾਨੀ ਸ਼ਕਲਾਂ ਸਿਤਾਰਿਆ ਦੀਆਂ ਹਰਕਤਾਂ : ਜਸਾਮਤ ਮੋਟਾਈ ਵਗੈਰਾ। ਇਵੇਂ ਹੀ ਇਲਮੇ ਹਿਕਮਤ-ਡਾਕਟਰੀ ਯਾ ਤਿਬ; ਇਲਮੇ ਜਰਾਹੀ-ਸਰਜਰੀ। ਇਵੇਂ ਹੀ ਹੋਰ ਰੋਜ਼ਗਾਰ ਸੰਬੰਧੀ : ਇਲਮੇ ਐਗਰੀਕਲਚਰ, ਇੰਜੀਨੀਅਰਿੰਗ, ਸਾਇੰਸ, ਵਕਾਲਤ, ਤਕਨੀਕੀ ਮੁਖ਼ਤਲਿਫ਼ ਹੁਨਰ-ਮੰਦੀਆਂ ਦੇ ਇਲਮ : ਫ਼ਨੇ ਤਾਅਮੀਰੀ-ਫ਼ਨੇ ਮੁਸੱਵਰੀ ਇਤਿਆਦਿ। ਸੋ ਕਹਿਣ ਤੋਂ ਭਾਵ ਇਹ ਹੈ ਕਿ ਸਾਰੇ ਇਲਮਾਂ ਨੂੰ ਤਾਂ ਅਸੀਂ ਜੱਫਾ ਨਹੀਂ ਮਾਰ ਸਕਦੇ। ਜਿਸ ਇੱਕ-ਅੱਧੇ ਇਲਮ ਫ਼ਨ ਯਾ ਹੁਨਰ ਵਿਚ ਸਾਨੂੰ ਹਾਲਾਤ ਮੁਯਸਰ ਆਏ ਹਨ ਯਾ ਕਾਦਰ ਜਾਂ ਕੁਦਰਤ ਨੇ ਸਾਨੂੰ ਅਜਿਹੀ ਸਲਾਹੀਯਤ ਬਖਸ਼ੀ ਹੈ ਤਾਂ ਸਾਨੂੰ ਆਪਣੀ ਆਪਣੀ ਜਗ੍ਹਾ ਉਸੇ ਵਿਚ ਸਿਖਰ ਦੀ ਮੁਹਾਰਿਤ ਹਾਸਿਲ ਕਰਨੀ ਚਾਹੀਦੀ ਹੈ। ਇਸ ਵਿਚ ਹੀ ਸਾਡੀ ਸਹੀ ਕਾਮਯਾਬੀ ਦਾ ਰਾਜ਼ ਹੈ। ਧਨ ਵੀ ਕਮਾਇਆ ਜਾ ਸਕਦਾ ਹੈ, ਇੱਜ਼ਤ ਸ਼ੋਹਰਤ ਭੀ ਮੁਯਸਰ ਹੋ ਸਕਦੀ ਹੈ ਅਤੇ ਨਾਲ ਨਾਲ ਆਮ ਮਨੁੱਖੀ ਸਮਾਜ ਦਾ ਵੀ ਕੁਝ ਸੰਵਰ ਸਕਦਾ ਹੈ। ਮੁਕੰਮਲ (Perfect) ਇਲਮ ਜਾਣਨ ਵਾਲਾ ਅ ਲਮ ਅਤੇ ਜਾਹਿਲ ਯਾ ਅਧੂਰਾ ਨੀਮ ਹਕੀਮ ਦੋਵੇਂ ਇਕੋ ਜਿਹੇ ਨਹੀਂ ਹੁੰਦੇ ਅਤੇ ਨਾ ਹੀ ਇਹਨਾਂ ਦੀ ਇਕੋ ਜਿਹੀ ਕੀਮਤ ਕਦਰ ਹੀ ਹੁੰਦੀ ਹੈ। ਫਾਰਸੀ ਦੀ ਇਕ ਮਿਸਾਲ ਹੈ : "ਐਬੇ ਰਾਹ-ਹੁਨਰ ਬਾਇਦ" ਮਤਲਬ ਕਿ ਜੇਕਰ ਕੋਈ ਐਬ ਵੀ ਕਰਨਾ ਹੋਵੇ ਤਾਂ ਭੀ ਹੁਨਰ ਦੀ ਲੋੜ ਹੈ। ਕੱਚਾ ਚੋਰ ਉਸੇ ਵੇਲੇ ਪੈਰ ਤੇ ਹੀ ਫੜਿਆ ਜਾਂਦਾ ਹੈ। ਅਣਜਾਣ ਸ਼ਰਾਬੀ ਦਿਨੇ ਹੀ ਪੀ

ਕੇ ਮੋਰੀਆਂ 'ਚ ਡਿਗ ਕੇ ਲੋਕਾਂ ਨੂੰ ਗਾਲੀ ਗਲੋਚ ਕਰਕੇ ਛਿੱਤਰ ਖਾ ਲੈਂਦਾ ਹੈ। ਦੂਸਰੇ ਪਾਸੇ ਸਾਡੇ ਆਮ ਮਨੁੱਖੀ ਸਮਾਜ ਦਾ ਭੀ ਫਰਜ਼ ਬਣ ਜਾਂਦਾ ਹੈ ਕਿ ਉਹ ਆਪਣੇ ਜ਼ਿਹਨ ਵਿਚ ਹਮੇਸ਼ਾ ਇਲਮ-ਦੋਸਤੀ ਦਾ ਜਜ਼ਬਾ ਬਗੈਰ ਕਿਸੇ ਵਿਤਕਰੇ ਦੇ ਕਾਇਮ ਰੱਖੇ ਅਤੇ ਹਰ ਅਜਿਹੇ ਆਲਮ-ਹੁਨਰਮੰਦ ਯਾ ਕਲਾਕਾਰ ਫ਼ਨਕਾਰ ਨੂੰ ਦਾਦ ਦੇਵੇ, ਉਸ ਦੀ ਪ੍ਰਸ਼ੰਸਾ ਕਰੇ ਅਤੇ ਉਸ ਨੂੰ ਅਗਾਂਹ ਲਿਆਉਣ ਦਾ ਯਤਨ ਕਰੇ। ਇੰਜ ਇਲਮ-ਦੋਸਤ ਸੱਜਣ ਦੀ ਮਾਨਸਿਕ ਅਵਸਥਾ ਭੀ ਪਵਿੱਤਰ ਰਹੇਗੀ, ਪਕਸ਼ਪਾਤ ਤੋਂ ਭੀ ਇਲਮ ਦੋਸਤ ਸ਼ਖਸ ਉੱਚਾ ਉਠਿਆ ਰਹੇਗਾ ਅਤੇ ਇੰਜ ਸਮਾਜ ਵਿਚ ਭੀ ਆਪਸੀ ਮੁਹੱਬਤ ਵਧੇਗੀ ਅਤੇ ਨਾਲ ਨਾਲ ਨਾ-ਅਹਿਲ, ਅਨਾੜੀ ਅਤੇ ਅਧੂਰੇ ਇਲਮ ਰੱਖਣ ਵਾਲੇ ਵਿਅਕਤੀਆਂ ਦੀ ਆਪਣੇ ਆਪ ਹੌਸਲਾ ਸ਼ਿਕਨੀ ਭੀ ਹੋਊ। ਉਹ ਭੀ ਇੰਜ ਹੀਣਤਾ ਮਹਿਸੂਸ ਕਰਦੇ ਹੋਏ ਠੋਸ ਮਿਹਨਤ ਤੇ ਤਰੱਦਦ ਕਰਕੇ ਲਗਨ ਨਾਲ ਕਾਮਯਾਬੀ ਵੱਲ ਅਗਾਂਹ ਵਧਣ ਦਾ ਯਤਨ ਕਰਨਗੇ। ਇਹ ਕੁਝ ਤਾਂ ਦਾਸ ਨੇ ਆਮ ਦੁਨਿਆਵੀ ਜ਼ਿੰਦਗੀ ਬਸਰ ਕਰਨ ਸੰਬੰਧੀ ਹੀ ਅਰਜ਼ ਕੀਤਾ ਹੈ ਪਰ ਪ੍ਰਮਾਰਥ ਅਤੇ ਰੱਬੀ ਯਾਦ ਪਿਆਰ ਵੱਲ ਮਨ ਜੋੜਨ ਵਾਲਿਆਂ ਨੂੰ ਐਡੇ ਲੰਮੇ ਚੌੜੇ ਇਲਮ ਹੁਨਰਾਂ ਦੀ ਲੋੜ ਨਹੀ, ਕਿਉਂਕਿ ਇਨ੍ਹਾਂ ਦੀ ਪ੍ਰਧਾਨਤਾ ਦੇ ਸਬੱਬ ਬੁੱਲ੍ਹੇ ਸ਼ਾਹ ਫ਼ੁਰਮਾਉਂਦੇ ਹਨ :

ਇਲਮੋਂ ਬਸ ਕਰੀਂ ਓ ਯਾਰ। ਇਕੋ ਅਲਫ਼ ਤੇਰੇ ਦਰਕਾਰ। ਗੁਰਬਾਣੀ ਵਿਚ ਭੀ ਫ਼ੁਰਮਾਇਆ ਗਿਆ ਹੈ :

ਮਨ ਸਮਝਾਵਣ ਕਾਰਣੇ। ਕਛੂ ਕੁ ਪੜੀਐ ਗਿਆਨ ॥ ਸੋ ਥੋੜ੍ਹੇ ਕੁ ਇਲਮ ਦੀ ਤਾਂ ਜ਼ਰੂਰਤ ਹੈ ਹੀ। ਕਿਉਂਕਿ ਇਲਮ ਤੋਂ ਬਾਅਦ ਫਿਰ ਕੁਝ ਅਕਲ ਦਾ ਭੀ ਦਖ਼ਲ ਸ਼ੁਰੂ ਹੁੰਦਾ ਹੈ। ਫ਼ੁਰਮਾਣ ਹੈ :

ਅਕਲੀਂ ਸਾਹਿਬ ਸੇਵੀਐ ਅਕਲੀਂ ਪਾਈਐ ਮਾਣੁ ॥ ਸੋ ਖਿਆਲ ਆਪਣਾ ਆਪਣਾ, ਰਾਇ ਆਪਣੀ ਆਪਣੀ। ਪਾਠਕ ਸੱਜਣ ਭੀ ਇਸ ਇਲਮ-ਦੋਸਤੀ ਦੇ ਸੰਬੰਧ ਵਿਚ ਕੁਝ ਥੋੜ੍ਹੀ-ਬਹੁਤ ਟਿੱਪਣੀ ਕਰਨ ਯਾ ਆਪਣੇ ਵਿਚਾਰ ਪ੍ਰਗਟ ਕਰਨ ਤਾਂ ਦਾਸ ਅਤਿਅੰਤ ਸ਼ੁਕਰ-ਗੁਜ਼ਾਰ ਹੋਵੇਗਾਂ। ਹੁਣ ਦਾਸ ਆਪਣੇ ਅਸਲ ਮਜ਼ਮੂਨ ਵੱਲ ਹੁੰਦਾ ਹੈ :

ਖ਼ਾਂ ਸਾਹਿਬ ਮੀਆਂ ਆਲਮਗੀਰ ਸਾਹਿਬ ਹਰ ਬਰਾਤ ਨੂੰ ਅਕਸਰ ਖ਼ੁਦ ਹੀ Attend ਕਰਦੇ ਸਨ ਅਤੇ ਇਕ ਰਾਤ ਵਿਚ ਕੇਵਲ ਇਕੋ ਜੰਜ ਭੁਗਤਾਉਂਦੇ ਸਨ। ਇਕ ਉੱਚ (Top) ਕਲਾਕਾਰੀ ਦੀ ਅਜ਼ੀਮ ਮੁਹਾਰਤ ਕਾਰਨ ਆਪ ਜੀ ਦਾ ਰੇਟ ਭਲੇ ਹੀ ਅੰਮ੍ਰਿਤਸਰ ਸ਼ਹਿਰ ਦੇ ਦੂਜੇ ਬੈਂਡ-ਵਾਲਿਆਂ ਤੋਂ ਕਿਤੇ ਬਹੁਤ ਹੀ ਵਧੇਰੇ ਹੁੰਦਾ ਸੀ। ਲੇਕਿਨ ਤਦ ਭੀ ਲੜਕੇ ਵਾਲਿਆਂ ਦੀ ਸਮਾਜਕ ਆਨ-ਸ਼ਾਨ, ਇੱਜ਼ਤ-ਵਕਾਰ, ਅਮੀਰੀ, ਦਲੇਰੀ, ਖੁਲ੍ਹ-ਦਿਲੀ ਅਤੇ ਜੌਕ-ਸ਼ੌਕ ਤਦੇ Count ਕੀਤਾ (ਗਿਣਿਆ) ਜਾਂਦਾ ਸੀ ਜੇਕਰ ਉਨ੍ਹਾਂ ਬਰਾਤ ਡੋਲੀ ਆਦਿਕ ਲਈ ਬੈਂਡ-ਵਾਜਾ ਇਸ ਖ਼ਾਂ ਸਾਹਿਬ ਦਾ ਕੀਤਾ ਹੁੰਦਾ। ਇਸ ਲਈ ਆਮ ਸਰਦੀ-ਪੁਜਦੀ ਵਾਲੇ ਲੋਕ ਆਪ ਜੀ ਨੂੰ ਕਈ ਮਹੀਨੇ ਪਹਿਲਾਂ

ਹੀ ਬੁਕ ਕਰ ਛੱਡਦੇ ਸਨ। ਕਈ ਵਾਰ ਤਾਂ ਕਈ ਨਮੂਦ-ਨੁਮਾਇਸ਼ ਕਰਨ ਵਾਲੇ ਖਾਂਦੇ ਪੀਂਦੇ ਲੋਕ ਇਨ੍ਹਾਂ ਕਾਰਨ ਪੰਡਤ ਨੂੰ ਪੁੱਛ ਕੇ ਆਪਣਾ ਸਾਹਿਆ (ਮਹੂਰਤ) ਹੀ ਕੁਝ ਦਿਨ ਲਈ ਅਗਾਂਹ-ਪਛਾਂਹ ਕਰ ਲੈਂਦੇ ਸਨ, ਜੇ ਕਿਤੇ ਖਾਂ ਸਾਹਿਬ ਇਹਨਾਂ ਦੀ ਪਹਿਲੀ ਮਿੱਥੀ ਤਾਰੀਖ ਤੇ ਵਿਹਲੇ ਨਾ ਹੁੰਦੇ ਜਾਂ ਕਿਸੇ ਹੋਰ ਜਗ੍ਹਾਂ ਉਸ ਤਾਰੀਖ ਨੂੰ ਬੁਕ ਹੁੰਦੇ। ਬਰਾਤ ਸਮੇਂ ਹਮੇਸ਼ਾਂ ਆਪ ਜੀ ਦੇ ਚਾਲੀ ਬੰਦੇ ਹੀ ਜਾਂਦੇ ਸਨ ਅਤੇ ਡੋਲੀ ਸਮੇਂ ਘੱਟ-ਘੱਟ ਵੀਹ ਬੰਦੇ। ਕਦੇ ਕਦੇ ਖ਼ਾਸ ਅਮੀਰ ਲੋਕ ਤਾਂ ਆਪਣੀ ਮਰਜ਼ੀ ਨਾਲ ਡੋਲੀ ਸਮੇਂ ਭੀ ਚਾਲੀ ਬੰਦੇ ਹੀ ਤਲਬ ਕਰ ਲੈਂਦੇ ਸਨ। ਆਪ ਜੀ ਸਿਹਤ ਵਿਚ ਵੀ ਬੜੇ ਪਹਿਲਵਾਨ ਟਾਈਪ (ਵਾਈ ਬਾਦੀ ਦੇ ਫੁੱਲੇ ਨਹੀਂ) ਗਠੇ ਹੋਏ, ਰਿਸ਼ਟ-ਪੁਸ਼ਟ, ਉੱਚੇ ਲੰਮੇ ਅਤੇ ਗੋਰੇ, ਖੂਬਸੂਰਤ ਪ੍ਰਭਾਵਸ਼ਾਲੀ ਚਿਹਰੇ ਵਾਲੇ High Personality ਦੇ ਮਾਲਕ 'ਵ ਸੁਚੱਜੇ ਅਜ਼ੀਮ ਮਾਹਿਰ ਫ਼ਨਕਾਰ ਸਨ। ਹੋ ਸਕਦਾ ਹੈ ਕਿ ਦੂਜੇ ਬੈਂਡ-ਵਾਜੇ ਵਾਲਿਆਂ ਵਾਂਗ ਆਪ ਜੀ ਦੇ ਸਟਾਫ਼ ਵਿਚ ਵੀ ਕੁਝ ਬੰਦੇ ਐਵੇਂ ਅਣਜਾਣ ਹੁੰਦੇ ਹੋਏ ਵੱਡੇ ਵੱਡੇ ਵਾਜੇ ਫੜ ਕੇ ਸਿਰਫ਼ ਨੁਮਾਇਸ਼ੀ ਫੂਕਾਂ ਹੀ ਮਾਰਦੇ ਹੋਣ, ਪਰ ਫਿਰ ਵੀ ਦਾਸ ਨੇ ਦਰਜਨਾਂ ਵਾਰ ਆਪ ਜੀ ਨੂੰ ਆਪ ਜੀ ਦੇ ਅੱਡੇ ਤੇ ਦੁਪਹਿਰੇ ਗਲ੍ਹ ਵਿਚ ਬੁਨੈਣਾਂ ਪਾ ਕੇ ਕੁਝ ਬੰਦਿਆਂ ਵਿਚ ਬੈਠ ਕੇ ਰਹੈਸਲ ਦੇ ਤੌਰ ਤੇ ਅੱਗੇ-ਪਿੱਛੇ ਕਲਰਨੈਟ ਵਜਾਉਂਦਿਆਂ ਤਕਿਆ ਸੀ। ਬੰਦਿਆਂ ਲਈ ਆਪ ਨੇ ਬਹੁਤ ਹੀ ਉਮਦਾ ਉਮਦਾ ਕਈ ਮੇਲ ਦੀਆਂ ਵਰਦੀਆਂ ਬਣਵਾਕੇ ਰੱਖੀਆਂ ਹੁੰਦੀਆਂ ਸਨ। ਇਹ ਵਰਦੀਆਂ ਕਿਸੇ ਬਰਾਤ ਤੇ ਹੋਰ ਅਤੇ ਕਿਸੇ ਦੂਜੀ ਤੇ ਹੋਰ ਅਤੇ ਇਵੇਂ ਹੀ ਡੋਲੀ ਸਮੇਂ ਭੀ ਕਦੇ ਹੋਰ ਦੂਜੀਆਂ ਵਰਦੀਆਂ ਪਹਿਨੀਆਂ ਜਾਂਦੀਆਂ ਸਨ। ਆਪ ਜੀ ਖ਼ੁਦ ਜੋ ਖ਼ਾਸ ਜ਼ਰੀ ਦਾ ਝਿਲਮਿਲ ਕਰਦਾ ਕੋਟ ਬਰਾਤ ਸਮੇਂ ਪਾਉਂਦੇ ਅਤੇ ਨਾਲ ਕੁੱਲੇ ਉਪਰ ਜ਼ਰੀ ਤਿਲੇ ਦੀ ਕੱਢੀ ਪਗੜੀ ਜਦ ਬੰਨ੍ਹਦੇ ਅਤੇ ਜਦ ਬਿਜਲੀ ਦੀ ਰੋਸ਼ਨੀ ਯਾਂ ਬਰਾਤ ਨਾਲ ਜਾ ਰਹੇ ਦਰਜਨਾਂ ਗੈਸਾਂ ਦੀ ਲਾਈਟ ਆਪ ਜੀ ਉਪਰ ਪੈਂਦੀ ਤਾਂ ਮਾਨੋਂ ਜਿਵੇਂ ਇਕ ਬੈਂਡ ਮਾਸਟਰ ਨਹੀਂ ਬਲਕਿ ਇਕ ਜ਼ਰਕ ਬ੍ਰਕ ਲਿਬਾਸ ਵਿਚ ਇਕ ਰਿਆਸਤ ਦਾ ਨਵਾਬ ਜਾ ਰਿਹਾ ਹੁੰਦਾ। ਇੰਜ ਆਪ ਜੀ ਦੇ ਅਜਿਹੇ Super-Dress ਦੀ ਅੱਖ ਵਾਲ ਨਹੀਂ ਸੀ ਝਲਦੀ। ਐਸੇ ਮਾਹੌਲ ਵਿਚ ਘੋੜੀ ਉਤੇ ਚੜ੍ਹਿਆ ਦੁਲਹਾ ਤਾਂ ਆਪ ਜੀ ਦਾ ਮੀਰ-ਮੁਨਸ਼ੀ ਹੀ ਪ੍ਰਤੀਤ ਹੁੰਦਾ। ਬਸ ਇਹ ਹੀ ਕਹਿਣਾ ਬਣਦਾ ਹੈ ਕਿ "ਕਹਿਬੇ ਕੋ ਸੋਭਾ ਨਹੀਂ। ਦੇਖਾ ਹੀ ਪਰਵਾਣੁ।" ਵਾਜ਼ਿਹ ਰਹੇ ਕਿ ਆਪ ਜੀ ਨੇ ਭੀ ਆਪਣਾ ਕੋਟ ਅਤੇ ਪਗੜੀ ਇਕੋ ਹੀ ਨਹੀਂ ਸੀ ਰੱਖੀ ਹੁੰਦੀ ਕਿ ਮੁੜ ਮੁੜ ਉਹ ਹੀ ਪਹਿਨਦੇ ਰਹਿੰਦੇ, ਬਲਕਿ ਗਰਮੀ ਸਰਦੀ ਅਤੇ ਮੌਸਮ ਦੇ ਲਿਹਾਜ਼ ਨਾਲ ਇਹ ਭੀ ਵੱਖ ਵੱਖ ਹੁੰਦੇ ਅਤੇ ਉਂਜ ਵੀ ਆਪ ਵੱਖਰੀ ਵੱਖਰੀ ਬਰਾਤ ਤੇ ਵਟਾ-ਵਟਾ ਕੇ ਕੋਟ ਪਗੜੀ ਆਦਿਕ ਪਹਿਨਦੇ। ਇਹ ਕੁਝ ਤਾਂ ਆਪ ਜੀ ਦਾ Out look ਦਾਸ ਨੇ ਅਰਜ਼ ਕੀਤੀਹੈ।

(ਚਲਦਾ)

## ਪ੍ਰਸਿੱਧ ਤਬਲਾ ਵਾਦਕ



# ਉਸਤਾਦ ਲਛਮਣ ਸਿੰਘ

ਹਿੰਦੁਸਤਾਨ ਅਤੇ ਖਾਸਕਰ ਪੰਜਾਬ ਦੇ ਸੰਗੀਤਕਾਰਾਂ ਵਿੱਚੋਂ ਉਸਤਾਦ ਲਛਮਣ ਸਿੰਘ ਦਾ ਨਾਂ ਜਾਣਿਆਂ ਪਛਾਣਿਆ ਹੈ। ਆਪਦਾ ਜਨਮ 3 ਦਸੰਬਰ 1927 ਨੂੰ ਪਿੰਡ ਝੰਗ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਹੋਇਆ। ਆਪਦੇ ਪਿਤਾ ਠਾਕੁਰ ਮੰਗਤ ਸਿੰਘ ਸੀਣ ਅਤੇ ਮਾਤਾ ਈਸ਼ਵਰ ਦੇਵੀ ਡੋਗਰੀ ਸੰਗੀਤ ਪ੍ਰਤੀ ਚੋਖਾ ਲਗਾਉ ਰੱਖਦੇ ਸਨ। ਕਿੱਤੇ ਵੱਜੋਂ ਭਾਵੇਂ ਉਹ ਕਿਸਾਨ ਸਨ। ਪਰੰਤੂ ਉਨ੍ਹਾਂ ਦੀ ਤੀਬਰ ਇੱਛਾ ਸੀ ਕਿ ਉਨ੍ਹਾਂ ਦਾ ਪੁੱਤਰ ਸੰਗੀਤਕਾਰ ਬਣੇ। ਇਸ ਕਰਕੇ ਉਨ੍ਹਾਂ ਨੇ ਆਪ ਨੂੰ ਇਕ ਨਾਟਕ ਕੰਪਨੀ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ, ਜਿੱਥੇ ਲਛਮਣ ਸਿੰਘ ਨੇ ਗਾਣ ਦੇ ਨਾਲ ਨਾਲ ਨਾਚ, ਹਰਮੋਨੀਅਮ ਤੇ ਤਬਲਾ-ਵਾਦਨ ਦੀ ਸਿਖਿਆ ਗ੍ਰਹਿਣ ਕਰਨੀ ਅਰੰਭੀ। ਫਿਰ ਆਪਨੇ ਸੰਗੀਤ ਅਕਾਦਮੀ ਜੰਮੂ ਤੋਂ ਗਾਇਨ-ਸੰਗੀਤ ਦੇ ਨਾਲ ਨਾਲ ਰਾਜ ਪ੍ਰੋਹਤ ਪੰਡਤ ਜਗਦੀਸ਼ ਦੱਤ ਤੋਂ ਤਬਲਾ-ਵਾਦਨ ਦੀ ਬਕਾਇਦਾ ਤਾਲੀਮ ਸ਼ੁਰੂ ਕੀਤੀ। ਇਹ ਆਪਦੀ ਖੁਸ਼ਕਿਸਮਤੀ ਹੀ ਸੀ ਕਿ ਇਸ ਸਮੇਂ ਦੌਰਾਨ ਆਪ, ਤਬਲੇ ਦੇ ਪੰਜਾਬ-ਘਰਾਣੇ ਦੇ ਸੰਸਥਾਪਕ ਉਸਤਾਦ ਮੀਆਂ ਕਾਦਰ ਬਖਸ਼ 'ਸਵਾ ਲਾਖ ਉਖਲੀ ਵਾਲੇ' ਦੇ ਸੰਪਰਕ ਵਿਚ ਆਏ ਅਤੇ ਲਾਹੌਰ ਜਾ ਕੇ ਆਪ ਜੀ ਨੇ ਮੀਆਂ ਜੀ ਤੋਂ ਤਬਲਾ ਸਿਖਣਾ ਜਾਰੀ ਰੱਖਿਆ। ਲਾਹੌਰ ਰਹਿੰਦਿਆਂ ਹੀ ਆਪਨੇ ਮਾਸਟਰ ਜੀਆ ਲਾਲ ਬਸੰਤ ਤੋਂ ਸਿਤਾਰ-ਵਾਦਨ ਦੀ ਵਿਧੀ-ਵਤ ਸਿਖਿਆ ਗ੍ਰਹਿਣ ਕੀਤੀ।

ਭਾਰਤ-ਪਾਕਿਸਤਾਨ ਵੰਡ ਤੋਂ ਪਹਿਲਾਂ ਆਪਨੇ ਕੁਝ ਸਮੇਂ ਲਈ ਮਹਾਰਾਣੀ ਮਹਿਲਾ ਕਾਲਜ ਜੰਮੂ ਵਿਖੇ ਤਬਲਾ-ਵਾਦਕ ਦੇ ਤੌਰ ਤੇ ਨੌਕਰੀ ਕੀਤੀ। 1948 ਤੋਂ 1962 ਤਕ ਆਪਨੇ ਆਲ ਇੰਡੀਆ ਰੇਡੀਓ ਜਲੰਧਰ ਅਤੇ ਦਿੱਲੀ ਵਿਖੇ ਸਟਾਫ

ਆਰਟਿਸਟ ਵਜੋਂ ਸਰਵਿਸ ਕੀਤੀ। ਇਸ ਦੌਰਾਨ ਆਪ ਨੇ ਰਿਆਜ਼ ਜਾਰੀ ਰੱਖਿਆ। ਸੰਗੀਤ ਪ੍ਰਤੀ ਵਿਸ਼ੇਸ਼ ਲਗਨ ਅਤੇ ਮਿਹਨਤ ਸਦਕਾ ਹੀ ਆਪਨੇ ਗੰਧਰਵ ਮਹਾਂ ਵਿਦਿਆਲਾ, ਬੰਬਈ ਤੋਂ ਸਿਤਾਰ ਵਾਦਨ ਵਿਚ ਸੰਗੀਤ-ਅਲੰਕਾਰ ਅਤੇ ਇਲਾਹਾਬਾਦ ਤੋਂ ਪ੍ਰਵੀਣ ਦੀ ਡਿਗਰੀ ਹਾਸਲ ਕੀਤੀ। ਸੰਗੀਤ (ਗਾਇਨ) ਵਿਚ ਆਪ ਨੇ ਬੰਬਈ ਦੇ ਗੰਧਰਵ ਮਹਾਂਵਿਦਿਆਲਾ ਤੋਂ ਹੀ ਵਿਸ਼ਾਰਦ ਦੀ ਡਿਗਰੀ ਹਾਸਲ ਕੀਤੀ।

ਭਾਵੇਂ ਉਸਤਾਦ ਲਛਮਣ ਸਿੰਘ ਸਿਤਾਰ-ਵਾਦਨ ਅਤੇ ਗਾਇਨ ਵਿਚ ਮੁਹਾਰਤ ਰਖਦੇ ਸਨ ਪ੍ਰੰਤੂ ਤਬਲਾ-ਵਾਦਨ ਵਿਚ ਆਪਦਾ ਯੋਗਦਾਨ ਵਿਸ਼ੇਸ਼ ਮਹੱਤਵ ਰੱਖਦਾ ਹੈ। ਆਪ ਦੀਆਂ ਤਬਲੇ ਦੀਆਂ ਪ੍ਰਾਪਤੀਆਂ ਨੂੰ ਧਿਆਨ ਵਿਚ ਰਖਦਿਆਂ ਹੀ 1956 ਵਿਚ ਉਸਤਾਦ ਮੀਆਂ ਕਾਦਰ ਬਖਸ਼ ਨੇ ਆਪ ਨੂੰ 'ਉਸਤਾਦ' ਦੀ ਪਦਵੀ ਨਾਲ ਨਿਵਾਜਿਆ। ਤਬਲਾ-ਵਾਦਨ ਦੇ ਖੇਤਰ ਵਿਚ ਆਪਦੇ ਯੋਗਦਾਨ ਸਦਕਾ ਹੀ ਸਰਬ ਭਾਰਤੀ ਸੰਗੀਤ ਕਾਨਫਰੰਸ, ਕਲਕੱਤਾ ਵਿਖੇ ਆਪਨੂੰ ਉਸ ਵੇਲੇ ਦੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਪਾਸੋਂ 'ਤਾਨਸੈਨ ਵਿਸ਼ਨੂੰ ਦਿਗੰਬਰ ਐਵਾਰਡ' ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ। ਦਸੰਬਰ 1986 ਨੂੰ 'ਅਖਿਲ ਭਾਰਤੀ ਭਾਸਕਰ ਰਾਓ ਸੰਗੀਤ ਸੰਮੇਲਨ' ਜੋ ਕਿ ਟੈਗੋਰ ਥੀਏਟਰ ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਗਿਆ, ਵਿਚ ਆਪ ਨੂੰ 'ਸਵਰ ਤਾਲ ਮਾਰਤੰਡ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।

ਉਸਤਾਦ ਜੀ ਦੀ ਹੰਸ ਰਾਜ ਮਹਿਲਾਂ ਮਹਾਂ ਵਿਦਿਆਲਾ, ਜਲੰਧਰ ਵਿਖੇ ਪ੍ਰਾਧਿਆਪਕ (ਸੰਗੀਤ) ਵਜੋਂ ਸੇਵਾ ਵਿਸ਼ੇਸ਼ ਤੌਰ ਤੇ ਸਲਾਹੁਣਯੋਗ ਹੈ ਜਿਥੇ ਆਪ ਨੇ ਐਮ.ਏ. (ਸੰਗੀਤ) ਦੇ ਵਿਦਿਆਰਥੀਆਂ ਨੂੰ ਅਕਾਦਮਿਕ ਸਿਖਲਾਈ ਦੇ ਨਾਲ ਨਾਲ ਵੱਖ ਵੱਖ ਪ੍ਰਤਿਯੋਗਤਾਵਾਂ ਲਈ ਸੰਗੀਤ-ਧੁਨਾਂ ਤਿਆਰ ਕਰਕੇ ਸੰਗੀਤ ਟੀਮਾਂ ਤਿਆਰ ਕਰਨ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਦਿੱਤਾ। ਅਜ ਕਲ੍ਹ ਆਪ ਆਕਾਸ਼ਵਾਣੀ ਅਤੇ ਦੂਰਦਰਸ਼ਨ ਜਲੰਧਰ ਦੇ 'ਏ' ਗਰੇਡ ਦੇ ਕਲਾਕਾਰ ਹਨ।

ਤਬਲਾ ਵਾਦਨ ਵਿਚ ਵਿਸ਼ੇਸ਼ ਪਛਾਣ ਸਦਕਾ ਹੀ ਆਪਨੂੰ ਭਾਰਤ ਦੇ ਵੱਡੇ ਵੱਡੇ ਸੰਗੀਤ ਸੰਮੇਲਨਾਂ ਵਿਚ ਦੁਨੀਆਂ ਦੇ ਨਾਮੀ ਸੰਗੀਤਕਾਰਾਂ : ਪੰਡਿਤ ਰਵੀ ਸ਼ੰਕਰ, ਪੰਡਿਤ ਓਂਕਾਰ ਨਾਥ ਠਾਕੁਰ, ਉਸਤਾਦ ਬੜੇ ਗ਼ੁਲਾਮ ਅਲੀ ਖ਼ਾਂ ਆਦਿ ਨਾਲ ਸੰਗਤ ਕਰਨ ਦਾ ਮਾਣ ਹਾਸਲ ਹੈ। ਤਬਲੇ ਅਤੇ ਸਿਤਾਰ ਵਾਦਨ ਸੰਬੰਧੀ ਦੋ ਪੁਸਤਕਾਂ ਦੇ ਯੋਗਦਾਨ ਤੋਂ ਇਲਾਵਾ ਕ੍ਰਿਆਤਮਕ ਖੇਤਰ ਵਿਚ ਆਪਦਾ ਯੋਗਦਾਨ ਇਸ ਗੱਲੋਂ ਵਿਸ਼ੇਸ਼ ਹੈ ਕਿ ਆਪਨੇ ਪੰਜਾਬ-ਘਰਾਣੇ ਦੀਆਂ ਰਵਾਇਤੀ ਤਬਲਾ-ਵਾਦਨ ਸ਼ੈਲੀਆਂ ਨੂੰ ਆਕਾਸ਼ਵਾਣੀ ਦੇ "ਨੈਸ਼ਨਲ ਆਰਕੀਵਜ਼" ਲਈ ਰਿਕਾਰਡ ਕਰਵਾਇਆ ਹੈ। ਨਿਸਚੇ ਹੀ ਭਾਰਤੀ ਸੰਗੀਤ ਖਾਸ ਕਰਕੇ ਪੰਜਾਬ ਦੇ ਸੰਗੀਤ ਘਰਾਣੇ ਨੂੰ ਆਪ ਉੱਤੇ ਮਾਣ ਹੈ।

— ਪ੍ਰੋ. ਬਚਿੱਤਰ ਸਿੰਘ

— 0 —

# सिख सम्प्रदाय के प्रसिद्ध कीर्तनकार और उनका योगदान-2

M.A. (Music & Urdu) M. Music (V. & Inst.) B. Ed , Ph. D , P.E.S.

डा. जोगिन्द्र सिंह बावरा जालन्धर

गुरु नानक देव जी ने स्वयं अपने श्रीमुख से कीर्तन किया और भाई मरदाना नामक मीरासी ने गायन और वादन में आपका सहयोग दिया। भाई मरदाना के सहयोग ने एक परम्परा का रूप धारण कर लिया और कालान्तर में मीरासियों द्वारा कीर्तन सम्पादन की प्रथा बन गई। कीर्तन से सम्बद्ध होने के कारण उन्हें प्रतिष्ठा प्रदान करने की दृष्टि से मीरासी न कह कर रबाबी कहा जाने लगा। ये रबाबी आरम्भ में सम्यक्‌ संगीत शिक्षा प्राप्त करते थे और राग-आधारित शैली पर कीर्तन करते थे। भक्त जन केवल गुरुवाणी श्रवण करते और भक्ति रस में मग्न रहते।

गुरु नानक युग में बलवंडा तथा सत्ता ने कीर्तन के क्षेत्र में ख्याति प्राप्त की। यह दोनों पिता-पुत्र थे। गुरु नानक देव जी ने इन्हें मुख्य कीर्तन-कार के रूप में नियुक्त किया था। जब द्वितिय गुरु श्री अंगद देव जी गुरु पद-पद बिराजमान हुए तो प्रथमता इन्हीं पिता-पुत्र ने श्री गुरु नानक देव जी की वाणी का कीर्तन राग आसा में रबाब की संगति के साथ किया था।

संभवत: इन रबाबी पिता-पुत्र की नियुक्ति के फलस्वरूप ही मुसलमान रबाबियों को कीर्तनकार के रूप में नियुक्त करने की परम्परा ही बन गई, जो पांचवें गुरु तक चलती रही। गुरु अर्जुन देव जी के समय में एक अप्रत्याशित एवं अप्रिय घटना घटित हुई, जिस के कारण गुरु नानक देव जी के समय से चली आती हुई परम्परा में परिवर्तन उपस्थित हुआ। उस घटना का संक्षिप्त वर्णन इस प्रकार है जो सर्व विदित ही है।

बलवंडा और सत्ता के परिवार में कन्या का विवाह निश्चित हुआ। इस अवसर पर उन लोगों ने गुरु अर्जुन देव जी से धन की याचना की। गुरु जी ने आदेश दिया कि बैसाखी का पर्व आने वाला है, उस पर्व पर होने वाली भेंट (चढ़ावा) की पूरी रकम इन्हें प्रदान कर दी जाएगी। ऐसा ही किया गया, परन्तु उन्हें यह धन राशि अल्प प्रतीत हुई और असन्तुष्ट होकर उन्होंने अधिक धन की मांग की। कहा जाता है कि उन्होंने आक्षेप लगाया कि गुरु जी

ने जान बूझ कर शिष्यों को अधिक मात्रा में धन चढ़ाने से वर्जित किया है। यूं भी कहा जा सकता है कि गुरु जी ने शिष्यों को अधिक चढ़ावा चढ़ाने को नहीं कहा। इसके पश्चात वे दोनों रुष्ट हो कर घर बैठ गए। गुरु जी के सन्देश भेजने पर भी वे नहीं आए, बल्कि कुछ अपमान जनक शब्दों का भी प्रयोग किया। गुरु जी ने अपने शिष्यों को कीर्तन करने का आदेश दिया। यह भी कहा जाता है कि गुरु जी ने कुपित होकर उन्हें कुष्ट रोग ग्रसित हो जाने का शाप दिया। वे दोनों कोढ़ी हो गए। उन्होंने गुरु जी से अपने अपराधों की क्षमा याचना की। दयालु स्वभाव गुरु जी ने उहें क्षमा कर दिया और कहा कि वे गुरु राम दास सरोवर में दुःख भंजनी बेरी के पास स्नान करने से रोग मुक्त हो जायेंगे। ऐसा ही हुआ। वे पुनः कीर्तन करने लगे। उनके द्वारा रचित 'रामकली की वार' श्री गुरु ग्रन्थ साहिब में संकलित है। इस घटना के पश्चात रबाबी और शिष्य रागों कीर्तन करने लगे। प्रथम शिष्य रागी कीर्तनकारों में भाई उग्रसेन, भाई दीपा, भाई नगोरीमल के नाम उल्लेखनीय हैं।

रबाबी वंश में अनेक सुप्रसिद्ध संगीतकार हुए जो ध्रुपद, धमार, ख्याल, कव्वाली, गज़ल गाने में भी निपुण थे। उनमें कुछ कीर्तनकार प्रसिद्ध हुए। प्रसिद्ध रबाबी कीर्तनकारों में कुछ के नाम इस प्रकार हैं: भाई मरदाना, भाई शाहज़ादा, भाई बलवंडा, भाई सत्ता, भाई आग़ा, भाई अन्ना, भाई बूबा, भाई चांद, भाई लाल, भाई मोती, भाई साईं दित्ता, भाई सुन्दर, भाई ताबा, भाई देसा, भाई मुखितयार, भाई अरोड़ा, भाई बूड़ा आदि।

**भाई आगा फैयाज**[1] : भाई आगा फैयाज दरबार साहिब अमृतसर में कीर्तन करते थे। उनके साथ भाई खुशिया (भाई अन्ना का पुत्र) हारमोनियम, भाई इनायत (भाई खैरा का पुत्र) सितार, भाई नसीरा तबला पर संगति करते थे। भाई आगा ध्रुवपद, ख्याल, शैलियों में कीर्तन करने में निपुण थे और अपने जत्थे के मुखिया थे। वह सुगम शास्त्री संगीत, टप्पा, गजल, ठुमरी गाने में भी निपुण थे। 1925:26 में आपने ग्रामोफोन रिर्कांडिग कम्पनी में भी काम किया। आप 48 वर्ष की अल्प आयु में स्वर्गवासी हुए।

**भाई अन्ना**[2] आप पटियाला के कालू खां के शिष्य थे। आप के दो भाई थे वह भी अच्छे कीर्तनकार थे। उन के नाम भाई वधावा और भाई वसावा थे। यह तीनों भाई ध्रुवपद शैली में कीर्तन करते थे। इन्होंने कीर्तन करने में अच्छी ख्याति अर्जित की।

1,2, (सहायक ग्रन्थ) = 15वीं शताब्दी से आधुनिक काल तक पंजाब में शास्त्रीय संगीत का प्रादुर्भाव एवं विकास।

# ਸਾਹਿਤ ਅਤੇ ਸੰਗੀਤ ਦਾ ਸੰਗਮ

**ਮਲੋਟ** : ਬੀਤੇ ਦਿਨ ਗੁਰੂ ਤੇਗ ਬਹਾਦਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਮਿਡਲ ਬਰਾਂਚ) ਦੇ ਦਸ਼ਮੇਸ਼ ਹਾਲ ਵਿਚ ਪੰਜਾਬੀ ਸਾਹਿਤ ਸਭਾ ਮਲੋਟ ਵੱਲੋਂ ਇਕ ਸੱਭਿਆਚਾਰਕ-ਸਮਾਗਮ ਆਯੋਜਿਤ ਕੀਤਾ ਗਿਆ ।

ਵੱਡੀ ਗਿਣਤੀ ਵਿਚ ਟੀਚਰ, ਮੁੱਖ ਅਧਿਆਪਕ, ਪ੍ਰਿੰਸੀਪਲ, ਡਾਕਟਰ-ਪ੍ਰੋਫੈਸਰ, ਪੱਤਰਕਾਰ ਆਦਿ ਬੁੱਧੀਜੀਵੀਆਂ ਦੇ ਇਸ ਇਕੱਠ ਵਿਚ, ਪ੍ਰੋਗਰਾਮ ਦੀ ਸੁਰੂਆਤ ਤੋਂ ਪਹਿਲਾਂ ਬਲਰਾਜ ਮਾਨ ਨੇ ਇਕ ਗੀਤ ਸੁਣਾਇਆ । ਸਮਾਗਮ ਦੀ ਪ੍ਰਧਾਨਗੀ, ਉੱਘੇ ਸਮਾਜ ਸੇਵੀ ਡਾਕਟਰ ਪ੍ਰਿਤਪਾਲ ਸਿੰਘ ਚੇਅਰਮੈਨ ਜੀ. ਟੀ. ਬੀ. ਐਜੂਕੇਸ਼ਨਲ ਟਰੱਸਟ ਨੇ ਕੀਤੀ ਅਤੇ ਮੁੱਖ ਮਹਿਮਾਨ ਦੀ ਸੇਵਾ, ਪ੍ਰਸਿੱਧ ਉਦਯੋਗਪਤੀ ਸ੍ਰ: ਦਵਿੰਦਰਜੀਤ ਸਿੰਘ (ਸਕੱਤਰ-ਐਜੂਕੇਸ਼ਨਲ ਟਰੱਸਟ) ਨੇ ਨਿਭਾਈ ।

ਸਮਾਗਮ ਦੇ ਆਰੰਭ ਵਿਚ ਡੀ. ਏ. ਵੀ. ਕਾਲਜ ਮਲੋਟ ਦੇ ਵਿੱਦਵਾਨ ਪ੍ਰੋਫੈਸਰ ਇੰਦਰਪਾਲ ਸਿੰਘ ਭੁੱਲਰ, ਮੁੱਖੀ ਪੰਜਾਬੀ ਵਿਭਾਗ ਨੇ ਪ੍ਰਧਾਨਗੀ ਮੰਡਲ ਅਤੇ ਸਰੋਤਿਆਂ ਨੂੰ ਜੀ ਆਇਆਂ ਕਹਿੰਦੇ ਹੋਏ, ਕਲਾਕਾਰਾਂ ਦੀ ਸਫਲਤਾ ਦੇ ਨਾਲ ਨਾਲ ਸਾਹਿਤ ਅਤੇ ਸੰਗੀਤ ਦੀ ਚੜ੍ਹਦੀ-ਕਲਾ ਲਈ ਸ਼ੁਭ-ਕਾਮਨਾਵਾਂ ਅਰਪਣ ਕੀਤੀਆਂ । ਇਸ ਉਪਰੰਤ ਨਿਸਚਤ ਕਾਰਜ ਕ੍ਰਮ ਅਨੁਸਾਰ, ਉਭਰ ਰਹੇ ਯੁਵਕ ਕਵੀ, ਨਿਰਮਲ ਦਿਉਲ ਦਾ ਪਲੇਠਾ ਕਾਵਿ ਸੰਗ੍ਰਹਿ 'ਬਾਰਾਂ ਸਾਲ-ਬਾਰਾਂ ਪਲ' ਨੂੰ ਡਾਕਟਰ ਪ੍ਰਿਤਪਾਲ ਸਿੰਘ ਜੀ ਨੇ 'ਰਿਲੀਜ਼' ਕੀਤਾ । ਪੁਸਤਕ ਰਿਲੀਜ਼ ਤੋਂ ਪਹਿਲਾਂ ਨਿਰਮਲਜੀਤ ਨਿੰਮਾ, ਉਰਫ ਨਿਰਮਲ ਸਿੱਧੂ ਨੇ ਸੁਲਤਾਨ ਬਾਹੂ ਦੇ ਦੋਹੇ, ਸੂਫੀਆਨਾ-ਅੰਦਾਜ਼ ਵਿਚ, ਦਿਲੋਂ ਖੁੱਭ ਕੇ ਗਾਏ । ਇਸ ਨਾਲ ਸਰੋਤੇ ਕੀਲੇ ਗਏ ਅਤੇ ਵਧੀਆ ਮਾਹੌਲ ਬਣਿਆ ਰਿਹਾ ।

ਪੁਸਤਕ ਰੀਲੀਜ਼ ਉਪਰੰਤ ਡਾ: ਸੁਰਜੀਤ ਸਿੰਘ ਭੱਟੀ ਦਾ ਲਿਖਿਆ ਹੋਇਆ ਪਰਚਾ, ਮੋਹਿੰਦਰ ਪਾਲ ਮੱਕੜ ਨੇ ਪੜ੍ਹ ਕੇ ਸੁਣਾਇਆ । ਕਿਉਂਕਿ ਡਾਕਟਰ ਭੱਟੀ ਕਿਸੇ ਮਜਬੂਰੀ ਕਾਰਨ ਨਹੀਂ ਆ ਸਕੇ । ਇਸ ਮੌਕੇ, ਸਰੋਤਿਆਂ ਦੀ ਫਰਮਾਇਸ਼ ਤੇ, ਨਿਰਮਲਜੀਤ ਨਿੰਮੇ ਨੇ ਦਿਉਲ ਦਾ ਪ੍ਰਸਿੱਧ ਗੀਤ "ਛਾਵਾਂ ਠੰਡੀਆਂ ਬੋਹੜ ਦੀਆਂ" ਗਾ ਕੇ ਸੁਣਾਇਆ ।

ਸਮਾਗਮ ਦੇ ਦੂਜੇ ਹਿੱਸੇ ਵਿਚ ਸ੍ਰ: ਦਵਿੰਦਰਜੀਤ ਸਿੰਘ ਨੇ ਨਿਰਮਲਜੀਤ ਨਿੰਮੇ ਦਾ ਨਵਾਂ 'ਕੈਸਟ' ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ, ਜਿਸ ਦਾ ਜ਼ੋਰਦਾਰ ਤਾਲੀਆਂ ਨਾਲ ਸੁਆਗਤ ਹੋਇਆ । ਤਾਲੀਆਂ ਦੀ ਗੂੰਜ ਪਿੱਛੋਂ ਇਕ ਹੋਰ ਗੀਤ ਦੀ ਫਰਮਾਇਸ਼ ਹੋਈ । ਇਹ ਗੀਤ ਮੰਗਲ ਮੈਦਾਨ ਦਾ ਲਿਖਿਆ ਹੋਇਆ ਹੈ :—

ਜਿਸ ਦਾ ਮੁਖੜਾ ਹੈ :
ਲੀਡਰ ਬਣ ਜਾ ਯਾਰ
ਸਲਾਮਾਂ ਹੋਣਗੀਆਂ ।
ਚਮਰੇ ਰੱਖ ਦੋ ਚਾਰ
ਸਲਾਮਾਂ ਹੋਣਗੀਆਂ ।

ਇਸ ਗੀਤ ਨੂੰ ਨਿਰਮਲਜੀਤ ਨੇ ਅਨੋਖੀ ਅਦਾ ਨਾਲ ਸੁਣਾਇਆ ਸਰੋਤਿਆਂ ਵੱਲੋਂ ਇਹ ਗੀਤ ਵਿਸ਼ੇਸ਼ ਤੌਰ ਤੇ ਸਲਾਹਿਆ ਗਿਆ । ਅਜੇ ਹੋਰ ਕਈ ਫਰਮਾਇਸ਼ਾਂ ਸਨ, ਪਰੰਤੂ ਸਮਾਂ ਤੇ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਸਮਾਗਮ ਨੂੰ ਸੰਖੇਪ-ਰੱਖਣਾ ਹੀ ਉਚਿਤ ਸਮਝਿਆ ਗਿਆ । ਫਿਰ ਵੀ ਇੰਜ ਲਗਿਆ, ਜਿਵੇਂ ਦੋ ਘੰਟੇ ਦਾ ਸਮਾਂ, ਖੰਭ ਲਗਾ ਕੇ ਉਡ ਗਿਆ ਹੋਵੇ ।

ਸਭਾ ਦੇ ਜਰਨਲ ਸਕੱਤਰ ਡਾ: ਦਰਸ਼ਨ ਸਿੰਘ ਨਰੂਲਾ ਨੇ ਦਸਿਆ ਕਿ ਅਗਲੇ ਹਫਤੇ ਦੂਰਦਰਸ਼ਨ ਤੋਂ ਨਿਰਮਲਜੀਤ ਦਾ ਇਹੀ ਗੀਤ ਪ੍ਰਸਾਰਿਤ ਹੋ ਰਿਹਾ ਹੈ । ਡਾ: ਨਰੂਲਤਾ ਨੇ 'ਅਸ਼ਲੀਲ-ਗੀਤਾਂ' ਦੀ ਨਿਖੇਧੀ ਅਤੇ ਸਾਹਿਤਕ ਗੀਤਾਂ ਦੀ ਪ੍ਰੰਸਸਾ ਕਰਦੇ ਹੋਏ, ਨਵੇਂ ਗਾਇਕਾਂ ਨੂੰ ਉਸਾਰੂ ਰੁਝਾਨ ਦੀ ਪ੍ਰੇਰਨਾ ਦਿੱਤੀ ।

ਸਥਾਨਕ ਕਾਲਜ ਦੇ ਪ੍ਰੋਫੈਸਰ ਡਾਕਟਰ ਮੱਖਣ ਲਾਲ ਗੋਇਲ ਜੋ ਕਿ ਚੰਗੇ ਲੇਖਕ ਤੇ ਵਧੀਆ ਬੁਲਾਰੇ ਹਨ, ਨੇ ਅਪਣੇ ਭਾਸ਼ਣ ਵਿਚ ਕਿਹਾ ਕਿ "ਸਾਨੂੰ ਸਮੂਹ ਪੰਜਾਬੀਆਂ ਨੂੰ ਇਸ ਮਰਦਮ-ਸ਼ੁਮਾਰੀ ਵਿਚ ਆਪਣੀ 'ਮਾਤ-ਭਾਸ਼ਾ' ਪੰਜਾਬੀ ਲਿਖਵਾਉਣੀ ਚਾਹੀਦੀ ਹੈ ।" ਇਸ ਗੱਲ ਦਾ ਸਰੋਤਿਆਂ ਵੱਲੋਂ ਜ਼ੋਰਦਾਰ ਤਾਲੀਆਂ ਮਾਰ ਕੇ ਸੁਆਗਤ ਕੀਤਾ ਗਿਆ ।

ਡਾ: ਪ੍ਰਿਤਪਾਲ ਸਿੰਘ ਜੀ ਨੇ ਯੁਵਕ ਕਵੀ ਦਿਉਲ ਤੇ ਲੋਕ ਗਾਇਕ ਨਿਰਮਲਜੀਤ ਨੂੰ 'ਅਸੀਸ' ਦਿੰਦੇ ਹੋਏ ਕਿਹਾ ਕਿ "ਲੇਖਕਾਂ ਤੇ ਕਲਾਕਾਰਾਂ ਨੂੰ, ਸਮਾਜ ਵੱਲੋਂ ਵੱਧ ਤੋਂ ਵੱਧ ਉਤਸ਼ਾਹ ਮਿਲਣਾ ਚਾਹੀਦਾ ਹੈ ।" ਉਨ੍ਹਾਂ ਨੇ ਸਾਹਿਤ ਸਭਾ ਦੇ ਉੱਦਮ ਦੀ ਸ਼ਲਾਘਾ ਕੀਤੀ ।

ਸ੍ਰ: ਦਵਿੰਦਰਜੀਤ ਸਿੰਘ ਜੀ ਨੇ ਮੁਬਾਰਕਵਾਦ ਦਿੰਦੇ ਹੋਏ ਕਿਹਾ ਕਿ "ਪ੍ਰਤੇਕ ਮਨੁੱਖ ਨੂੰ ਕਾਵਿ-ਨਾਟਕ, ਸੰਗੀਤ ਤੇ ਚਿਤਰਕਲਾ ਵਿਚ ਰੁਚੀ ਰੱਖਣੀ ਚਾਹੀਦੀ ਹੈ । ਕਿਉਂਕਿ ਇਹ ਲਲਿਤ-ਕਲਾਵਾਂ, ਮਨੁੱਖੀ-ਸਮਾਜ ਵਿਚ ਕੋਮਲ-ਭਾਵਨਾਵਾਂ ਨੂੰ ਉਜਾਗਰ ਕਰਦੀਆਂ ਹਨ ।

ਸ੍ਰ: ਸੁਹੇਲ ਸਿੰਘ ਮੱਕੜ ਨੇ ਸ਼ੁਭ-ਕਾਮਨਾਵਾਂ ਅਤੇ ਪੰਜ ਸੌ ਰੁਪਏ ਸਾਹਿਤ ਸਭਾ ਨੂੰ ਭੇਟ ਕੀਤੇ । ਸਭਾ ਦੇ ਪ੍ਰਧਾਨ ਅਤੇ ਸਟੇਟ-ਐਵਾਰਡੀ, ਪ੍ਰਿੰਸੀਪਲ ਜਰਨੈਲ ਸਿੰਘ ਸੰਧੂ ਨੇ ਧੰਨਵਾਦ ਕਰਦੇ ਹੋਏ ? "ਚਾਲੂ-ਗੀਤਾਂ ਦੀ ਮੰਡੀ" ਦੇ ਕੋਝੇ ਰੁਝਾਨ ਨੂੰ ਬੰਦ ਕਰਨ ਦੀ ਅਪੀਲ ਕੀਤੀ ਤੇ ਇਸ ਗੱਲ ਉਪਰ ਖੁਸ਼ੀ ਪ੍ਰਗਟ ਕੀਤੀ ਕਿ 'ਦਿਉਲ ਤੇ ਨਿੰਮਾ

ਮੂਲ ਰੂਪ ਵਿਚ ਸਾਹਿਤਕ-ਗੀਤਾਂ ਦੇ ਉਸਾਰੂ ਰੁਝਾਨ ਪ੍ਰਤੀ ਵਚਨ ਬੱਧ ਹਨ। "ਅੰਤ ਵਿਚ ਚਾਹ ਦੀਆਂ ਚੁਸਕੀਆਂ ਦੇ ਨਾਲ ਸਰੋਤਿਆਂ ਨੇ ਨਿਰਮਲਜੀਤ ਦੇ ਨਵੇਂ 'ਕੈਸਟ' ਨੂੰ ਸੁਣਿਆਂ ਤੇ ਆਨੰਦ ਮਾਣਿਆ।

ਡਾ. ਡੀ. ਐਸ. ਨਰੂਲਾ, ਜਨਰਲ ਸਕੱਤਰ
ਪੰਜਾਬੀ ਸਾਹਿਤ ਸਭਾ ਮਲੋਟ।

**ਵੌਇਸ ਆਫ ਅਮਰੀਕਾ** ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਵਿਸ਼ੇਸ਼ ਪ੍ਰੋਗਰਾਮ :—

ਵੌਇਸ ਆਫ ਅਮਰੀਕਾ ਰੇਡੀਓ ਨੇ ਪਹਿਲੀ ਵਾਰੀ ਅੰਤਰ ਰਸ਼ਟਰੀ ਪੱਧਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਬਾਰੇ ਪਹਿਲੀ ਨਵੰਬਰ ਨੂੰ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ । ਇਸ ਪ੍ਰੋਗਰਾਮ ਵਿਚ ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਦੀਦਾਰ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸਮਸ਼ੇਰ ਸਿੰਘ ਅਤੇ ਡਾਕਟਰ ਜਾਗੀਰ ਸਿੰਘ ਦੇ ਰਾਗੀ ਜਥਿਆਂ ਦੇ ਰਿਕਾਰਡ ਕੀਤੇ ਹੋਏ ਸ਼ਬਦ ਪੇਸ਼ ਕੀਤੇ ਗਏ। ਇਸ ਦੇ ਨਾਲ ਹੀ 'ਨਾਨਕ ਨਾਮ ਜਹਾਜ ਹੈ' ਫਿਲਮ ਦੇ ਸੰਗੀਤ ਨਿਰਦੇਸ਼ਿਕ ਐਸ. ਮਹਿੰਦਰ ਨਾਲ ਮੁਲਾਕਾਤ ਪੇਸ਼ ਕੀਤੀ ਹੈ । ਸਿੱਖ ਜਗਤ ਵਿੱਚ ਇਸ ਅਦੁੱਤੀ ਪ੍ਰੋਗਰਾਮ ਦੀ ਸਾਰੇ ਪਾਸੇ ਸ਼ਲਾਘਾ ਹੋ ਰਹੀ ਹੈ ।

—0—

## 15ਵਾਂ ਸਾਲਾਨਾ ਸੰਗੀਤ ਸੰਮੇਲਨ

ਸੰਗੀਤ ਕਲਾ ਮੰਚ ਜਲੰਧਰ ਦਾ 15ਵਾਂ ਵਾਰਸ਼ਿਕ ਸੰਗੀਤ ਸੰਮੇਲਨ 4 ਨਵੰਬਰ ਐਤਵਾਰ ਨੂੰ 1 ਵਜੇ ਤੋਂ 4-30 ਤੱਕ ਲਾਇਨਜ਼ ਭਵਨ ਲਾਜਪਤ ਨਗਰ ਜਲੰਧਰ ਦੇ ਹਾਲ ਵਿਖੇ ਹੋਇਆ ਹੈ। ਇਸ ਵਿੱਚ ਪ੍ਰਸਿੱਧ ਗਾਇਕ ਸਿੰਘ ਬੰਧੂ, ਸ੍ਰੀ ਰਾਮ ਜੀ ਲਾਲ ਸ਼ਰਮਾ (ਪਖਾਵਜ ਵਾਦਕ), ਸ੍ਰੀ ਰਾਜ ਕੁਮਾਰ ਸਿੰਘ (ਸਿਤਾਰ) ਡਾ: ਜੋਗਿੰਦਰ ਬਾਵਰਾ (ਗਾਇਨ), ਸ੍ਰੀ ਕਾਲੇ ਰਾਮ (ਤਬਲਾ) ਸ੍ਰੀ ਮੋਹਨ ਮਲਸਿਆਨੀ ਅਤੇ ਕਈ ਹੋਰ ਕਲਾਕਾਰਾਂ ਨੇ ਭਾਗ ਲਿਆ । ਇਹ ਸੰਗੀਤ ਸੰਮੇਲਨ ਮਰਹੂਮ ਉਸਤਾਦ ਫ਼ੈਅਜ਼ ਖ਼ਾਂ ਆਫ਼ਤਾਬ-ਏ-ਮੌਸੀਕੀ ਨੂੰ ਸਮਰਪਿਤ ਸੀ ।

ਜੋਗਿੰਦਰ ਬਾਵਰਾ

(ਸਫ਼ਾ 6 ਦੀ ਬਾਕੀ)

ਪਾਸੜ ਪਹੁੰਚ ਅਧੀਨ ਸੁਤੰਤਰ ਤੌਰ ਤੇ ਅਧਿਐਨ ਦਾ ਵਿਸ਼ਾ ਬਣਾਉਣਾ ਇਸ ਦੀ ਬੁਨਿਆਦੀ ਪਹਿਚਾਣ ਪ੍ਰਤਿ ਵਡੇਰੀ ਉਕਾਈ ਹੋਵੇਗੀ। ਇਸ ਕਰਕੇ ਗੁਰਮਤਿ ਸੰਗੀਤ ਦੀ ਮੌਲਿਕਤਾ ਦੇ ਦਰਸ਼ਨ ਇਸਦੇ ਸਮੁੱਚ ਵਿਚੋਂ ਹੀ ਕੀਤੇ ਜਾ ਸਕਦੇ ਹਨ। ਗੁਰਮਤਿ ਸੰਗੀਤ ਹੀ ਗੁਰਬਾਣੀ ਦੀ ਸੰਚਾਰ ਪ੍ਰਕ੍ਰਿਆ ਦੀ ਪ੍ਰਮੁੱਖ ਤੇ ਕੇਂਦਰੀ ਸੰਚਾਰਕ ਸ਼ਕਤੀ ਹੈ। ਸੰਗੀਤ ਇਕ ਕਿਰਿਆਤਮਕ ਵਿਸ਼ਾ ਹੈ ਅਤੇ ਇਸ ਦੀ ਸਿਖਲਾਈ ਦੀ ਪਰੰਪਰਾ ਮੌਖਿਕ ਤੇ ਸੀਨਾ-ਬ-ਸੀਨਾ ਹੋਣ ਕਰਕੇ ਗੁਰਮਤਿ ਸੰਗੀਤ ਤੇ ਪ੍ਰਸਤੁਤਕਾਰ ਰਾਗੀਆ ਰਬਾਬੀਆ ਇਸ ਪਰੰਪਰਾ ਦੀ ਸਿਧਾਂਤਿਕਤਾ ਤੇ ਕਿਰਿਆਤਮਿਕਤਾ ਵਿਚਲੀ ਸਾਂਝ ਨੂੰ ਕਾਇਮ ਨਹੀਂ ਰੱਖ ਸਕੇ। ਵੱਖ ਵੱਖ ਸਮਿਆਂ ਤੇ ਪ੍ਰਚਲਿਤ ਲੋਕ ਪ੍ਰਿਯ ਗਾਇਨ ਪ੍ਰਭਾਵ ਵੀ ਗੁਰਮਤਿ ਸੰਗੀਤ ਦੀ ਇਸ ਕਿਰਿਆਤਮਕ ਪਰੰਪਰਾ ਨੂੰ ਪ੍ਰਭਾਵਿਤ ਕਰਦੇ ਰਹੇ ਹਨ ਫਲਸਰੂਪ ਇਸ ਪਰੰਪਰਾ ਦੇ ਰਾਗ, ਰਾਗ ਪ੍ਰਕਾਰ, ਗਾਇਨ ਸ਼ੈਲੀਆਂ, ਧੁਨੀਆਂ ਤੇ ਵਿਭਿੰਨ ਕੀਰਤਨ ਚੌਕੀਆਂ ਇਕ ਇਕ ਕਰਕੇ ਸਮੇਂ ਦੀ ਮੁੱਠੀ 'ਚੋਂ ਕਿਰਦੇ ਜਾ ਰਹੇ ਹਨ। ਇਸੇ ਕਰਕੇ ਗੁਰਮਤਿ ਸੰਗੀਤ ਦੀ ਮੌਲਿਕਤਾ ਨੂੰ ਪਛਾਨਣ ਤੇ ਇਸ ਦੀ ਸਿਧਾਂਤਿਕਤਾ ਤੇ ਕਿਰਿਆਤ-ਮਿਕਤਾ ਵਿਚਲੀ ਅਟੁੱਟ ਸਾਂਝ ਨੂੰ ਮੁੜ ਤੋਂ ਸੁਰਜੀਤ ਕਰਨ ਦੀ ਅਤਿ ਆਵੱਕਸ਼ਤਾ ਹੈ। ਇਸ ਦਿਸ਼ਾ ਵੱਲ ਕੀਤੇ ਗਏ ਵਿਵਹਾਰਕ ਉੱਦਮ ਹੀ ਗੁਰਮਤਿ ਸੰਗੀਤ ਦੀ ਪੁਨਰ ਸਥਾਪਤੀ ਜਾਂ ਪੁਨਰ ਪਹਿਚਾਣ ਲਈ ਲਾਹੇਵੰਦ ਸਿੱਧ ਹੋ ਸਕਦੇ ਹਨ।

— 0 —